ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 129
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 11 May, 2026) ਸੋਮਵਾਰ, 11 ਮਈ, 2026, 28 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਸੀ.ਐਮ. ਬਣਦਿਆਂ ਹੀ ਵਿਜੇ ਨੇ ਛੱਡੀ ਤਿਰੂਚਿਰਾਪੱਲੀ ਸੀਟ

ਚੇਨਈ, 10 ਮਈ (ਚੜ੍ਹਦੀਕਲਾ ਬਿਊਰੋ) :ਤਮਿਲਗਾ ਵੇਟ੍ਰੀ ਕੜਗਮ (ਟੀ.ਵੀ.ਕੇ.) ਮੁਖੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਸੀ. ਜੋਸੇਫ ਵਿਜੇ ਨੇ ਐਤਵਾਰ ਨੂੰ ਤਿਰੂਚਿਰਾਪੱਲੀ ਪੂਰਬ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਪੇਰਮਬੂਰ ਸੀਟ ਬਰਕਰਾਰ ਰੱਖੀ। ਰਾਜ ਵਿਧਾਨ ਸਭਾ ਸਕੱਤਰੇਤ ਨੇ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਬਿਆਨ ਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਵਿਜੇ ਨੇ ਆਪਣਾ ਅਸਤੀਫ਼ਾ ਸੌਂਪ ਦਿੱਤਾ। ਇਸ ਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਪੱਤਰ ਮੰਤਰੀਆਂ ਕੇ.ਏ. ਸੇਂਗੋਟੈਯਨ ਅਤੇ ਪੀ. ਵੇਂਕਟਰਮਨ ਦੇ ਮਾਧਿਅਮ ਨਾਲ ਵਿਧਾਨ ਸਭਾ ਦੇ ਮੁੱਖ ਸਕੱਤਰ ਕੇ. ਸ਼੍ਰੀਨਿਵਾਸਨ ਨੂੰ ਭਿਜਵਾਇਆ।




# ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਨੇ ਕਿਡਨੀ ਸਟੋਨ ਤੇ ਸ਼ੂਗਰ ਨਾਲ ਜੂਝ ਰਹੀ ਪਟਿਆਲਾ ਦੀ ਮਹਿਲਾ ਨੂੰ ਦਿੱਤੀ ਵੱਡੀ ਰਾਹਤ

ਚੰਡੀਗੜ੍ਹ/ਪਟਿਆਲਾ, 10 ਮਈ (ਚ.ਨ.ਸ.): ਪਟਿਆਲਾ ਵਿੱਚ ਜਦੋਂ ਸੂਰਜ ਚੜ੍ਹਦਾ ਸੀ, 46 ਸਾਲਾ ਸੁਨੀਤਾ ਰਾਣੀ ਉਸ ਤੋਂ ਕਈ ਘੰਟੇ ਪਹਿਲਾਂ ਤੋਂ ਹੀ ਜਾਗ ਰਹੀ ਹੁੰਦੀ ਸੀ। ਉਨ੍ਹਾਂ ਲਈ ਨੀਂਦ ਲੈਣਾ ਮੁਸ਼ਕਲ ਹੋ ਗਿਆ ਸੀ। ਕਮਰ ਦੇ ਹੇਠਲੇ ਹਿੱਸੇ ਵਿੱਚ ਲਗਾਤਾਰ ਦਰਦ ਰਹਿੰਦਾ ਸੀ, ਜੋ ਖੜ੍ਹੇ ਹੁੰਦੇ ਹੀ ਸਰੀਰ ਦੇ ਇੱਕ ਪਾਸੇ ਵੱਲ ਤੇਜ਼ੀ ਨਾਲ ਫੈਲ ਜਾਂਦਾ ਸੀ। ਹਰ ਸਵੇਰ ਉਨ੍ਹਾਂ ਦੇ ਪੈਰ ਪਹਿਲਾਂ ਨਾਲੋਂ ਵੱਧ ਸੁੱਜੇ ਹੋਏ ਹੁੰਦੇ ਸਨ ਅਤੇ ਰਸੋਈ ਤੱਕ ਤੁਰਨਾ ਵੀ ਥਕਾਵਟ ਭਰਿਆ ਹੋ ਗਿਆ ਸੀ। ਉਹ ਵਿਚਕਾਰ ਰੁਕ ਜਾਂਦੇ, ਇੱਕ ਹੱਥ ਕੰਧ 'ਤੇ ਅਤੇ ਦੂਜਾ ਪੇਟ 'ਤੇ ਰੱਖ ਕੇ ਦਰਦ ਦੇ ਘਟਣ ਦੀ ਉਡੀਕ ਕਰਦੇ ਸਨ।




ਦਰਦ ਦੇ ਬਾਵਜੂਦ ਸੁਨੀਤਾ ਨੇ ਆਪਣੇ ਰੋਜ਼ਾਨਾ ਦੇ ਕੰਮ ਜਾਰੀ ਰੱਖੇ ਤੇ ਆਸ ਕਰਦੇ ਰਹੇ ਕਿ ਸਮੱਸਿਆ ਆਪਣੇ ਆਪ ਠੀਕ ਹੋ ਜਾਵੇਗੀ। ਪਰ ਜਦੋਂ ਦਰਦ ਅਤੇ ਸੋਜ ਵਧਣ ਲੱਗੀ ਤਾਂ ਪਰਿਵਾਰ ਨੇ ਉਨ੍ਹਾਂ ਨੂੰ ਡਾਕਟਰ ਕੋਲ ਜਾਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਨੂੰ "ਮੁੱਖ ਮੰਤਰੀ ਸਿਹਤ ਯੋਜਨਾ" ਤਹਿਤ ਮਿਲ ਰਹੀਆਂ ਸਹੂਲਤਾਂ ਬਾਰੇ ਪਤਾ ਲੱਗਾ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਰਿਵਾਰ ਸਮੇਤ ਰਜਿਸਟ੍ਰੇਸ਼ਨ ਕਰਵਾਉਣ ਦਾ ਫੈਸਲਾ ਕੀਤਾ।

ਸੁਨੀਤਾ ਨੇ ਤੁਰੰਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਕਰਵਾਇਆ ਤੇ ਆਪਣੇ ਪਰਿਵਾਰ ਲਈ ਸਿਹਤ ਕਾਰਡ ਬਣਵਾਇਆ। ਇਲਾਜ ਲਈ ਉਨ੍ਹਾਂ ਨੂੰ ਮਾਤਾ ਕੌਸ਼ੱਲਿਆ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਵਿਸਥਾਰਪੂਰਵਕ ਜਾਂਚ ਤੋਂ ਬਾਅਦ ਪਤਾ ਲਗਾਇਆ ਕਿ ਉਨ੍ਹਾਂ ਦੇ ਯੂਰੇਟਰ 'ਚ ਕਿਡਨੀ ਸਟੋਨ ਫਸਿਆ ਹੋਇਆ ਹੈ। ਡਾਕਟਰਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸ਼ੂਗਰ ਤੇ ਗੰਭੀਰ ਸੋਜ ਦਾ ਇਲਾਜ ਕੀਤੇ ਬਿਨਾਂ ਸਰਜਰੀ ਕਰਨਾ ਸੁਰੱਖਿਅਤ ਨਹੀਂ ਹੋਵੇਗਾ। ਆਪਣਾ ਅਨੁਭਵ ਸਾਂਝਾ ਕਰਦਿਆਂ ਸੁਨੀਤਾ ਰਾਣੀ ਨੇ ਕਿਹਾ, "ਜਦੋਂ ਦਰਦ ਅਸਹਿਣਯੋਗ ਹੋ ਗਿਆ ਤਾਂ ਮੈਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਕਰਵਾਇਆ ਤੇ ਆਪਣੇ ਪਰਿਵਾਰ ਦਾ ਸਿਹਤ ਕਾਰਡ ਬਣਵਾਇਆ। ਡਾਕਟਰਾਂ ਨੇ ਜਾਂਚ ਤੋਂ ਬਾਅਦ ਕਿਡਨੀ ਸਟੋਨ ਦੀ ਪੁਸ਼ਟੀ ਕੀਤੀ। ਮੇਰਾ ਸ਼ੂਗਰ ਲੈਵਲ ਬਹੁਤ ਜ਼ਿਆਦਾ ਸੀ ਤੇ ਸਰੀਰ ਵਿੱਚ ਕਾਫ਼ੀ ਸੋਜ ਸੀ, ਇਸ ਲਈ ਡਾਕਟਰਾਂ ਨੇ ਪਹਿਲਾਂ ਇਨ੍ਹਾਂ ਦੋਹਾਂ ਸਮੱਸਿਆਵਾਂ ਨੂੰ ਕਾਬੂ ਕਰਨ ਲਈ ਇਲਾਜ ਸ਼ੁਰੂ ਕੀਤਾ।"

ਉਨ੍ਹਾਂ ਨੇ ਅੱਗੇ ਕਿਹਾ, "ਮੈਂ ਨਿਯਮਿਤ ਤੌਰ 'ਤੇ ਹਸਪਤਾਲ ਵਿੱਚ ਚੈਕ-ਅੱਪ ਲਈ ਜਾ ਰਹੀ ਹਾਂ ਤੇ ਡਾਕਟਰ ਲਗਾਤਾਰ ਮੇਰੀ ਹਾਲਤ 'ਤੇ ਨਿਗਰਾਨੀ ਰੱਖ ਰਹੇ ਹਨ। ਹੁਣ ਸੋਜ ਘਟ ਗਈ ਹੈ ਤੇ ਸ਼ੂਗਰ ਨੂੰ ਕਾਬੂ ਵਿੱਚ ਰੱਖਣ ਲਈ ਮੇਰੀਆਂ ਦਵਾਈਆਂ ਵੀ ਬਦਲ ਦਿੱਤੀਆਂ ਗਈਆਂ ਹਨ।" ਸੁਨੀਤਾ ਰਾਣੀ ਇਸ ਗੱਲ ਤੋਂ ਖੁਸ਼ ਹਨ ਕਿ ਉਨ੍ਹਾਂ ਦਾ ਇਲਾਜ ਕੈਸ਼ਲੈੱਸ ਤਰੀਕੇ ਨਾਲ ਹੋ ਰਿਹਾ ਹੈ। ਉਹ ਕਹਿੰਦੇ ਹਨ, "ਮੈਨੂੰ ਹੋਰ 10 ਦਿਨਾਂ ਦੇ ਕੋਰਸ ਦਾ ਇਲਾਜ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਡਾਕਟਰ ਆਪਰੇਸ਼ਨ ਦੀ ਮਿਤੀ ਤੈਅ ਕਰਨਗੇ। ਸ਼ੁਰੂਆਤੀ ਇਲਾਜ ਤੋਂ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀ ਸਰਜਰੀ ਤੱਕ, ਮੈਨੂੰ ਕਿਸੇ ਵੀ ਤਰ੍ਹਾਂ ਦੀ ਰਕਮ ਅਦਾ ਨਹੀਂ ਕਰਨੀ ਪਵੇਗੀ, ਇਹ ਮੇਰੇ ਲਈ ਬਹੁਤ ਵੱਡੀ ਰਾਹਤ ਤੇ ਸਕੂਨ ਦੀ ਗੱਲ ਹੈ।"

ਡਾਕਟਰਾਂ ਮੁਤਾਬਕ ਸ਼ੂਗਰ, ਸਰੀਰ 'ਚ ਪਾਣੀ ਦੀ ਕਮੀ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਕਾਰਨ ਕਿਡਨੀ ਸਟੋਨ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਚਿਕਿਤਸਾ ਮਾਹਿਰਾਂ ਦਾ ਕਹਿਣਾ ਹੈ ਕਿ ਇਲਾਜ ਵਿੱਚ ਦੇਰੀ ਹੋਣ ਨਾਲ ਗੰਭੀਰ ਇਨਫੈਕਸ਼ਨ ਤੇ ਹੋਰ ਜਟਿਲਤਾਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਸਮੇਂ ਸਿਰ ਜਾਂਚ ਤੇ ਡਾਕਟਰੀ ਸਹਾਇਤਾ ਲੈਣਾ ਬਹੁਤ ਜ਼ਰੂਰੀ ਹੈ।

ਸੁਨੀਤਾ ਤੇ ਉਨ੍ਹਾਂ ਦੇ ਪਰਿਵਾਰ ਲਈ ਮੁੱਖ ਮੰਤਰੀ ਸਿਹਤ ਯੋਜਨਾ ਮੁਸ਼ਕਲ ਸਮੇਂ ਵਿੱਚ ਵੱਡੀ ਰਾਹਤ ਸਾਬਤ ਹੋਈ। ਇਸ ਯੋਜਨਾ ਤਹਿਤ ਉਨ੍ਹਾਂ ਨੂੰ ਤੁਰੰਤ ਰਜਿਸਟ੍ਰੇਸ਼ਨ, ਨਿਯਮਿਤ ਡਾਕਟਰੀ ਨਿਗਰਾਨੀ, ਕਿਫ਼ਾਇਤੀ ਇਲਾਜ ਅਤੇ ਮਾਹਿਰ ਡਾਕਟਰਾਂ ਤੱਕ ਬਿਨਾਂ ਆਰਥਿਕ ਬੋਝ ਦੇ ਪਹੁੰਚ ਮਿਲੀ। ਸਭ ਤੋਂ ਮਹੱਤਵਪੂਰਨ ਗੱਲ ਇਹ ਰਹੀ ਕਿ ਇਸ ਨਾਲ ਪਰਿਵਾਰ ਨੂੰ ਇਹ ਭਰੋਸਾ ਮਿਲਿਆ ਕਿ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਹੁਣ ਉਨ੍ਹਾਂ ਦੀ ਪਹੁੰਚ ਵਿੱਚ ਹਨ। ਅੱਜ ਸੁਨੀਤਾ ਦੀ ਸਿਹਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ। ਉਹਨਾਂ ਨੇ ਕਿਹਾ, "ਹੁਣ ਸੋਜ ਕਾਫ਼ੀ ਘਟ ਗਈ ਹੈ ਅਤੇ ਜਲਦੀ ਹੀ ਮੇਰਾ ਸ਼ੂਗਰ ਲੈਵਲ ਵੀ ਕੰਟਰੋਲ ਵਿੱਚ ਆ ਜਾਵੇਗਾ। ਮੇਰਾ ਇਲਾਜ ਅਜੇ ਵੀ ਜਾਰੀ ਹੈ, ਪਰ ਹੁਣ ਸਿਹਤ ਕਾਰਡ ਦੀ ਮਦਦ ਨਾਲ ਇਲਾਜ ਦੌਰਾਨ ਮੇਰੇ ਮਨ ਵਿੱਚ ਡਰ ਨਹੀਂ, ਸਗੋਂ ਜਲਦੀ ਠੀਕ ਹੋਣ ਦੀ ਉਮੀਦ ਹੈ।" ਭਾਵੁਕ ਹੋ ਕੇ ਸੁਨੀਤਾ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਮੁੱਖ ਮੰਤਰੀ ਸਿਹਤ ਯੋਜਨਾ ਵਰਗੀਆਂ ਸਰਕਾਰੀ ਸਿਹਤ ਯੋਜਨਾਵਾਂ ਪਰਿਵਾਰਾਂ ਨੂੰ ਬਿਨਾਂ ਖਰਚਿਆਂ ਦੀ ਚਿੰਤਾ ਕੀਤੇ ਸਮੇਂ ਸਿਰ ਇਲਾਜ ਦਿਵਾਉਣ ਵਿੱਚ ਮਦਦ ਕਰ ਰਹੀਆਂ ਹਨ।" ਉਨ੍ਹਾਂ ਦੀ ਕਹਾਣੀ ਇਸ ਗੱਲ ਦੀ ਉਦਾਹਰਨ ਹੈ ਕਿ ਸੌਖੀਆਂ ਅਤੇ ਪਹੁੰਚਯੋਗ ਸਿਹਤ ਸੇਵਾਵਾਂ ਅਤੇ ਸਮੇਂ ਸਿਰ ਇਲਾਜ ਕਿਸ ਤਰ੍ਹਾਂ ਲੋਕਾਂ ਦੀ ਜ਼ਿੰਦਗੀ ਬਦਲ ਸਕਦੇ ਹਨ, ਆਤਮਵਿਸ਼ਵਾਸ ਵਾਪਸ ਲਿਆ ਸਕਦੇ ਹਨ ਅਤੇ ਮੁਸ਼ਕਲ ਵੇਲੇ ਪਰਿਵਾਰਾਂ ਦਾ ਸਹਾਰਾ ਬਣ ਸਕਦੇ ਹਨ।

# ਕਾਂਗਰਸ ਕੌਂਸਲਰ ਸੁਸ਼ੀਲ ਸ਼ਰਮਾ ਤੇ ਸਮਾਜਸੇਵੀ ਸਰਵਣ ਸਿੰਗਲਾ ਭਾਜਪਾ 'ਚ ਸ਼ਾਮਲ

- ਨਯਾਗਾਂਵ 'ਚ ਭਾਜਪਾ ਨੂੰ ਵੱਡੀ ਮਜ਼ਬੂਤੀ, ਕਾਂਗਰਸ ਕੌਂਸਲਰ ਨੇ ਫੜਿਆ ਭਾਜਪਾ ਦਾ ਦਾਮਨ
- ਨਯਾਗਾਂਵ ਕਾਂਗਰਸ ਕੌਂਸਲਰ ਸੁਸ਼ੀਲ ਸ਼ਰਮਾ ਭਾਜਪਾ ਵਿੱਚ ਹੋਏ ਸ਼ਾਮਲ



ਚੰਡੀਗੜ੍ਹ, 10 ਮਈ (ਹਰਦੀਪ ਕੌਰ): ਨਯਾਗਾਂਵ ਮਿਊਂਸਿਪਲ ਕਾਉਂਸਲ ਵਿੱਚ ਕਾਂਗਰਸ ਪਾਰਟੀ ਦੇ ਕੌਂਸਲਰ ਸੁਸ਼ੀਲ ਕੁਮਾਰ ਸ਼ਰਮਾ ਅਤੇ ਪ੍ਰਮੁੱਖ ਸਮਾਜਸੇਵੀ ਸਰਵਣ ਸਿੰਗਲਾ ਸ਼ਨੀਵਾਰ ਨੂੰ ਭਾਜਪਾ ਪੰਜਾਬ ਦੇ ਵਰਕਿੰਗ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਮੁੱਖ ਦਫ਼ਤਰ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਪੰਜਾਬ ਦੇ ਪ੍ਰਦੇਸ਼ ਮੀਡੀਆ ਪ੍ਰਮੁੱਖ ਵਿਨੀਤ ਜੋਸ਼ੀ, ਮੋਹਾਲੀ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਠ, ਨਯਾਗਾਂਵ ਸਰਕਲ ਪ੍ਰਧਾਨ ਭੂਪਿੰਦਰ 'ਭੂਪੀ' ਅਤੇ ਕੌਂਸਲਰ ਸੁਰਿੰਦਰ ਕੌਸ਼ਿਸ਼ ਬੱਬਲ ਵੀ ਮੌਜੂਦ ਰਹੇ।

ਉਨ੍ਹਾਂ ਦੇ ਨਾਲ ਕਈ ਪ੍ਰਮੁੱਖ ਸਥਾਨਕ ਆਗੂ ਅਤੇ ਸਮਰਥਕ ਵੀ ਭਾਜਪਾ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚ ਰਾਜੇਸ਼ ਗੁੱਜਰ, ਰਾਜ ਕੁਮਾਰ ਗੁੱਜਰ, ਕੁਲਦੀਪ ਸਿੰਘ, ਜਸਪਾਲ ਜੱਸੀ, ਰਾਘਵ ਸ਼ਰਮਾ, ਪਰਵੀਨ ਛਾਬੜਾ, ਸੁਨੀਲ ਗੋਯਲ ਅਤੇ ਰਾਹੁਲ ਜਿੰਦਲ ਸ਼ਾਮਲ ਹਨ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਸੁਸ਼ੀਲ ਕੁਮਾਰ ਸ਼ਰਮਾ ਅਤੇ ਸਰਵਣ ਸਿੰਗਲਾ ਨੇ ਕਿਹਾ ਕਿ 21 ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਰਕਾਰ ਚਲਾ ਰਹੀ ਪਾਰਟੀ ਦਾ ਹਿੱਸਾ ਬਣਨਾ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਮਾਜ ਦੇ ਹਰ ਵਰਗ ਲਈ ਵਿਕਾਸਮੁੱਖੀ ਨੀਤੀਆਂ ਕਾਰਨ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਕੇਂਦਰ ਵਿੱਚ ਸਰਕਾਰ ਬਣਾਉਣ ਦਾ ਜਨਾਦੇਸ਼ ਮਿਲਿਆ ਹੈ। ਸੁਸ਼ੀਲ ਕੁਮਾਰ ਸ਼ਰਮਾ ਨੇ ਕਿਹਾ ਕਿ ਨਯਾਗਾਂਵ ਨਗਰ ਕੌਂਸਲ ਭਾਜਪਾ ਦੀ ਬਣੇਗੀ, ਜੋ ਨਯਾਗਾਂਵ ਅਤੇ ਕਾਂਸਲ ਦੇ ਚਹੁਮੁੱਖੀ ਵਿਕਾਸ ਨੂੰ ਯਕੀਨੀ ਬਣਾਏਗੀ।

# ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਨਾਲ 13 ਨੂੰ ਰੂ-ਬ-ਰੂ ਹੋਣਗੇ ਐਨ.ਆਰ.ਆਈ. ਮੰਤਰੀ ਡਾ. ਰਵਜੋਤ ਸਿੰਘ

ਚੰਡੀਗੜ੍ਹ, 10 ਮਈ (ਚ.ਨ.ਸ.): ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਸੁਣਨ ਤੇ ਉਨ੍ਹਾਂ ਦੇ ਸਮਾਂਬੱਧ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ 13 ਮਈ ਦਿਨ ਬੁੱਧਵਾਰ ਨੂੰ ਸਵੇਰੇ 11:00 ਵਜੇ (ਭਾਰਤੀ ਸਮੇਂ ਅਨੁਸਾਰ) " ਆ ਨ ਲਾ ਈ ਨ ਮਿਲਣੀ" ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਇਸ ਆਨਲਾਈਨ ਮਿਲਣੀ ਦੌਰਾਨ ਉਹ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨਾਲ ਸਿੱਧਾ ਸੰਵਾਦ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ, ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਸੁਣਨਗੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ ਤੁਰੰਤ ਤੇ ਪ੍ਰਭਾਵਸ਼ਾਲੀ ਹੱਲ ਲਈ ਸਬੰਧਤ ਵਿਭਾਗਾਂ ਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ।




ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਬੰਧਤ ਵਿਅਕਤੀ ਆਪਣੀਆਂ ਸ਼ਿਕਾਇਤਾਂ minister.pa0punjab.gov.in ਈਮੇਲ 'ਤੇ ਭੇਜ ਸਕਦੇ ਹਨ। ਇਸ ਤੋਂ ਇਲਾਵਾ, ਆਨਲਾਈਨ ਮਿਲਣੀ ਵਿੱਚ ਭਾਗ ਲੈਣ ਲਈ ਰਜਿਸਟਰੇਸ਼ਨ https://forms.gle/KK"ut5pV"eccLSta6 ਲਿੰਕ ਰਾਹੀਂ ਕਰਵਾਈ ਜਾ ਸਕਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਨਿਰਧਾਰਤ ਦਿਨ ਅਤੇ ਸਮੇਂ ਅਨੁਸਾਰ "ਆਨਲਾਈਨ ਮਿਲਣੀ" ਵਿੱਚ ਸ਼ਾਮਲ ਹੋਣ ਲਈ https://new.bharatvc.nic.in/join/8833894922 ਲਿੰਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੁਆਇਨ ਕਰਨ ਲਈ ਆਈ.ਡੀ. 8833894922 ਅਤੇ ਪਾਸਵਰਡ 742627 ਹੋਵੇਗਾ।

ਐਨ.ਆਰ.ਆਈ. ਮੰਤਰੀ ਨੇ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਪੰਜਾਬੀਆਂ ਨੂੰ ਇਸ "ਆਨਲਾਈਨ ਮਿਲਣੀ" ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਇਆ ਜਾ ਸਕੇ।

# 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਵਿਧਾਇਕ ਕੁਲਵੰਤ ਸਿੰਘ ਨੇ 35ਵੀਂ ਤੇ 36ਵੀਂ ਬੱਸ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਮੋਹਾਲੀ, 10 ਮਈ (ਹਰਦੀਪ ਕੌਰ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਸ਼ੁਰੂ ਕੀਤੀ-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਅੱਜ ਮੋਹਾਲੀ ਤੋਂ 2 ਬੱਸਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਕੀਤਾ ਗਿਆ, ਵਿਧਾਨ ਸਭਾ ਹਲਕਾ ਮੋਹਾਲੀ ਅਧੀਨ ਪੈਂਦੇ ਪਿੰਡ ਬੱਲੋਮਾਜਰਾ ਅਤੇ ਜੁਝਾਰ ਨਗਰ ਤੋਂ ਸ਼ਰਧਾਲੂਆਂ ਨਾਲ ਭਰੀਆਂ ਇਹਨਾਂ ਬੱਸਾਂ ਨੂੰ ਵਿਧਾਇਕ ਕੁਲਵੰਤ ਸਿੰਘ ਹੋਰਾਂ ਦੀ ਤਰਫੋਂ ਹਰੀ ਝੰਡੀ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਕੀਤਾ ਗਿਆ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਕਰਨ ਦੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦਾ ਧੰਨਵਾਦ ਕਰਦੇ ਹਨ, ਕਿਉਂਕਿ ਇਸ ਯੋਜਨਾ ਨੂੰ ਲੈ ਕੇ ਪੰਜਾਬ ਭਰ ਦੇ ਸੀਨੀਅਰ ਸਿਟੀਜਨ ਦੇ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ, ਇਸ ਮੌਕੇ ਤੇ ਹਲਕਾ ਕੋਆਰਡੀਨੇਟਰ -ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ -ਫੂਲਰਾਜ ਸਿੰਘ ਤੋਂ ਇਲਾਵਾ- ਗੁਰਜਿੰਦਰ ਸਿੰਘ ਬੱਲੋਮਜਾਰਾ ਸਰਪੰਚ , ਜਦਕਿ ਪਿੰਡ ਜੁਝਾਰ ਨਗਰ ਵਿਖੇ ਸਰਪੰਚ- ਇਕਬਾਲ ਸਿੰਘ ਮੌਜੂਦ ਰਹੇ, ਪਿੰਡ ਬੱਲੋਮਾਜਰਾ ਤੋਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਦਾ ਉਚੇਚੇ ਤੌਰ ਤੇ ਪਿੰਡ ਦੇ ਸਰਪੰਚ ਗੁਰਜਿੰਦਰ ਸਿੰਘ ਨੇ ਧੰਨਵਾਦ ਕਰਦਿਆਂ ਹੋਇਆ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਵਿਧਾਇਕ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਦੇ ਚੱਲਦਿਆਂ ਅੱਜ ਵੱਲੋਂ ਬਲੋਮਾਜਰਾ ਤੋਂ ਸ਼ਰਧਾਲੂਆਂ ਦਾ ਜੱਥਾ ਬੱਸ ਦੇ ਰੂਪ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਹੋਇਆ ਹੈ, ਇਹ ਸ਼ਰਧਾਲੂ - ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਿਰ, ਵਾਲਮੀਕੀ ਰਾਮ ਤੀਰਥ ਮੰਦਰ, ਜਲਿਆਂਵਾਲਾ ਬਾਗ ਅਤੇ ਬਾਘਾ ਬਾਰਡਰ ਵਿਖੇ ਜਾਣਗੇ, ਸਰਪੰਚ- ਗੁਰਜਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਵਿਖੇ ਜਾ ਰਹੇ ਇਹਨਾਂ ਸ਼ਰਧਾਲੂਆਂ ਦੇ ਜੱਥੇ ਵਿੱਚ ਸ਼ਾਮਿਲ ਸੀਨੀਅਰ ਸਿਟੀਜਨ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਨੂੰ ਇੱਕ ਵੱਡਾ ਉਪਰਾਲਾ ਕਰਾਰ ਦਿੱਤਾ, ਜਦਕਿ ਪਿੰਡ ਜੁਝਾਰ ਨਗਰ ਤੋਂ ਬੱਸ ਨੂੰ ਰਵਾਨਾ ਕਰਨ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ ਕਰਦਿਆਂ ਸਰਪੰਚ- ਇਕਬਾਲ ਸਿੰਘ ਨੇ ਕਿਹਾ ਕਿ ਪਿੰਡ ਦੇ ਲੋਕਾਂ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਵੇਲੇ ਤੋਂ ਹੀ ਉਹਨਾਂ ਕੋਲ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਦੇ ਲਈ ਰਜਿਸਟਰੇਸ਼ਨ ਕਰਵਾ ਦਿੱਤੀ ਸੀ, ਪ੍ਰੰਤੂ ਇਸ ਯਾਤਰਾ ਯੋਜਨਾ ਦੇ ਤਹਿਤ ਜਾਣ ਵਾਲੇ ਸ਼ਰਧਾਲੂਆਂ ਵਿੱਚ ਪਾਇਆ ਜਾ ਰਿਹਾ ਉਤਸ਼ਾਹ ਵੇਖਿਆ ਹੀ ਬਣਦਾ ਹੈ, ਉਹ ਇੱਕ ਦੂਸਰੇ ਤੋਂ ਅਗਾਹ ਹੋ ਕੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਆਪਣੀ ਰਜਿਸਟਰੇਸ਼ਨ ਕਰਵਾ ਰਹੇ ਹਨ, ਤਾਂ ਕਿ ਉਹ ਇਸ ਯਾਤਰਾ ਤੇ ਜਾਣ ਤੋਂ ਵਾਂਝੇ ਨਾ ਰਹਿ ਜਾਣ, ਇਕਬਾਲ ਸਿੰਘ-ਸਰਪੰਚ ਨੇ ਕਿਹਾ ਕਿ ਪਿੰਡ ਦੀਆਂ ਹੋਰਨਾਂ ਮੰਗਾਂ ਦੇ ਬਾਰੇ ਵਿੱਚ ਵਿਧਾਇਕ ਕੁਲਵੰਤ ਸਿੰਘ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ, ਉਹਨਾਂ ਨੂੰ ਉਹ ਸਮਾਂ ਰਹਿੰਦਿਆਂ ਪੂਰਾ ਕਰਵਾ ਦਿੰਦੇ ਹਨ , ਅਤੇ ਜੁਝਾਰ ਨਗਰ ਵਿਖੇ ਚਲਦੇ ਕੰਮਾਂ ਦਾ ਉਹ ਖੁਦ ਜਾਇਜ਼ਾ ਲੈਂਦੇ ਹਨ ਤੇ ਬਾਰ-ਬਾਰ ਪੁੱਛਦੇ ਰਹਿੰਦੇ ਹਨ ਕਿ ਕੰਮ ਦਾ ਕੀ ਸਟੇਟਸ ਹੈ, ਸਰਪੰਚ ਇਕਬਾਲ ਸਿੰਘ ਨੇ ਕਿਹਾ ਕਿ ਜਦੋਂ ਵਿਧਾਇਕ ਕੁਲਵੰਤ ਸਿੰਘ ਉਹਨਾਂ ਕੋਲੋਂ ਪਿੰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਬਾਰੇ ਪੁੱਛਦੇ ਹਨ, ਤਾਂ ਉਹਨਾਂ ਦਾ ਹੌਸਲਾ ਹੋਰ ਵਧ ਜਾਂਦਾ ਹੈ, ਤੇ ਉਹ ਪਹਿਲਾਂ ਤੋਂ ਵੀ ਵਧੇਰੇ ਉਤਸਾਹਿਤ ਹੋ ਕੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਕਰਵਾਉਣ ਵਿੱਚ ਜੁੱਟ ਜਾਂਦੇ ਹਨ, ਇਸ ਮੌਕੇ ਤੇ ਫੂਲਰਾਜ ਸਿੰਘ ਹਲਕਾ ਕੋਰਡੀਨੇਟਰ, ਕੁਲਦੀਪ ਸਿੰਘ ਸਮਾਣਾ, ਅਮਰਜੀਤ ਸਿੰਘ, ਗੁਰਜਿੰਦਰ ਸਿੰਘ ਸਰਪੰਚ ਬੱਲੋ ਮਾਜਰਾ, ਭਾਗ ਸਿੰਘ ਪੰਚ, ਅਮਰਿੰਦਰ ਸਿੰਘ, ਗੁਰਪ੍ਰੀਤ ਸਿੰਘ,ਮਨਿੰਦਰ ਸਿੰਘ, ਤਰਨਪ੍ਰੀਤ ਸਿੰਘ, ਇਕਬਾਲ ਸਿੰਘ ਸਰਪੰਚ ਜੁਝਾਰ ਨਗਰ, ਆਰ.ਪੀ. ਸ਼ਰਮਾ- ਬਲਾਕ ਪ੍ਰਧਾਨ, ਬਾਬਾ ਕਸ਼ਮੀਰਾ ਸਿੰਘ, ਮਲਕੀਤ ਰਾਏਪੁਰ ਬਲਾਕ ਪ੍ਰਧਾਨ, ਮਨਪ੍ਰੀਤ ਸਿੰਘ ਮਨੀ ਰਾਏਪੁਰ, ਰਜਿੰਦਰ ਸਿੰਘ ਸਰਪੰਚ ਬੜਮਾਜਰਾ, ਗੁਰਨਾਮ ਸਿੰਘ-ਸਰਪੰਚ ਬੜਮਾਜਰਾ ਕਲੋਨੀ, ਵਿੱਕੀ- ਜੁਝਾਰ ਨਗਰ, ਆਰਤੀ-ਜੁਝਾਰ ਨਗਰ, ਹਰਜੀਤ ਸਿੰਘ ਪੰਚ, ਹਰਪਾਲ ਸਿੰਘ-ਸਰਪੰਚ ਤੜੌਲੀ ਤੋਂ ਇਲਾਵਾ ਇਲਾਕੇ ਦੇ ਮੋਹਤਰਮ ਵਿਅਕਤੀ ਵੀ ਹਾਜ਼ਰ ਰਹੇ।



# 6635 ਈ.ਟੀ.ਟੀ. ਅਧਿਆਪਕ ਯੂਨੀਅਨ ਵੱਲੋਂ 107 ਅਧਿਆਪਕਾਂ ਦੀ ਨੌਕਰੀ ਬਚਾਉਣ ਲਈ 13 ਮੈਂਬਰੀ ਕਮੇਟੀ ਗਠਿਤ

ਚੰਡੀਗੜ੍ਹ, 10 ਮਈ (ਚ.ਨ.ਸ.): ਈ.ਟੀ.ਟੀ. 6635 ਅਧਿਆਪਕ ਯੂਨੀਅਨ ਪੰਜਾਬ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਦੀਪਕ ਕੰਬੋਜ਼ ਦੀ ਅਗਵਾਈ ਹੇਠ ਆਨਲਾਈਨ ਮਾਧਿਅਮ ਰਾਹੀਂ ਹੋਈ। ਇਸ ਮੀਟਿੰਗ ਵਿੱਚ '107 ਰਿਕਾਸਟ ਸੂਚੀ' (Recast List) ਕਾਰਨ ਪ੍ਰਭਾਵਿਤ ਹੋ ਰਹੇ ਅਧਿਆਪਕਾਂ ਦੀ ਨੌਕਰੀ 'ਤੇ ਬਣੇ ਖ਼ਤਰੇ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸੰਘਰਸ਼ ਨੂੰ ਤਿੱਖਾ ਕਰਨ ਅਤੇ ਵਿਭਾਗੀ ਕਾਰਵਾਈਆਂ ਦਾ ਪੁਰਜ਼ੋਰ ਵਿਰੋਧ ਕਰਨ ਲਈ ਇੱਕ 13 ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਹੇਠ ਲਿਖੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ: 13 ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦੇ ਨਾਮ: 1. ਦੀਪਕ ਕੰਬੋਜ਼ (ਸੂਬਾ ਪ੍ਰਧਾਨ), 2. ਰਤਨਦੀਪ ਸੇਠੀ, 3. ਸੁਨੀਲ ਕੰਬੋਜ, 4. ਸੁਖਦੀਪ ਕੌਰ, 5. ਵੰਦਨਾ ਸ਼ਰਮਾ, 6. ਮਮਤਾ ਰਾਣੀ, 7. ਸ਼ਰਨਦੀਪ ਬਰਾੜ, 8. ਰਾਜਵੀਰ ਕੌਰ, 9. ਸਮਾਇਲ, 10. ਸੱਤਿਆਵਾਨ, 11. ਪ੍ਰੀਤੀ ਕੌਰ, 12. ਧਰਮਿੰਦਰ, 13. ਸਨੀ ਸੇਤੀਆ ਇਹ ਕਮੇਟੀ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਅਧਿਆਪਕ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਸਾਂਝਾ ਸੰਘਰਸ਼ ਵਿੱਢਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਸੂਬਾ ਪ੍ਰਧਾਨ ਦੀਪਕ ਕੰਬੋਜ਼ ਨੇ ਕਿਹਾ ਕਿ 6635 ਭਰਤੀ ਅਧੀਨ ਕੰਮ ਕਰ ਰਹੇ ਅਧਿਆਪਕਾਂ ਦੀ ਨੌਕਰੀ 'ਤੇ ਆਏ ਇਸ ਖ਼ਤਰੇ ਨੂੰ ਯੂਨੀਅਨ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕਰੇਗੀ ਅਤੇ ਹਰ ਪੱਧਰ 'ਤੇ ਲੜਾਈ ਲੜੀ ਜਾਵੇਗੀ। ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ 107 ਰਿਕਾਸਟ ਸੂਚੀ ਵਾਲੇ ਅਧਿਆਪਕਾਂ ਦੇ ਮਸਲੇ ਦਾ ਤੁਰੰਤ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਤਿੱਖੇ ਰੋਸ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਤੇ ਸੂਬਾ ਕਮੇਟੀ ਮੈਂਬਰ ਸਲਿੰਦਰ ਕੰਬੋਜ਼,ਨਿਰਮਲ ਜ਼ੀਰਾ, ਦੇਸ ਰਾਜ, ਜੱਗਾ ਬੋਹਾ, ਦਾਨਿਸ਼ ਭੱਟੀ ਅਤੇ ਆਦਿ ਮੈਂਬਰ ਸ਼ਾਮਿਲ ਸਨ।

# ਕਿਸਾਨਾਂ ਵੱਲੋਂ 15 ਨੂੰ ਰਾਜ ਭਵਨ ਵੱਲ ਮਾਰਚ ਕਰਨ ਦਾ ਐਲਾਨ

ਚੰਡੀਗੜ੍ਹ, 10 ਮਈ (ਚ.ਨ.ਸ.): ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਹਜ਼ਾਰਾਂ



ਕਿਸਾਨ 15 ਮਈ ਨੂੰ ਚੰਡੀਗੜ੍ਹ ਸਥਿਤ ਰਾਜ ਭਵਨ (ਪੰਜਾਬ ਲੋਕ ਭਵਨ) ਵੱਲ ਮਾਰਚ ਕਰਨਗੇ।ਇਹ ਰੋਸ ਪ੍ਰਦਰਸ਼ਨ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਉਲੀਕਿਆ ਗਿਆ ਹੈ। ਇਹ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਹਜ਼ਾਰਾਂ ਕਿਸਾਨ 15 ਮਈ ਨੂੰ ਚੰਡੀਗੜ੍ਹ ਸਥਿਤ ਰਾਜ ਭਵਨ (ਪੰਜਾਬ ਲੋਕ ਭਵਨ) ਵੱਲ ਮਾਰਚ ਕਰਨਗੇ। ਇਹ ਰੋਸ ਪ੍ਰਦਰਸ਼ਨ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਉਲੀਕਿਆ ਗਿਆ ਹੈ। ਇਹ ਐਲਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਵੱਲੋਂ ਮਹੀਨਾਵਾਰ ਮੀਟਿੰਗ ਦੌਰਾਨ ਕੀਤਾ ਗਿਆ। ਲੱਖੋਵਾਲ ਨੇ ਦੱਸਿਆ ਕਿ ਮੋਹਾਲੀ ਦੇ ਵਾਈ ਪੀ ਐੱਸ ਸਕੂਲ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਨੇਚਰ ਪਾਰਕ ਵਿਖੇ ਰੈਲੀ ਕੀਤੀ ਜਾਵੇਗੀ, ਜਿੱਥੋਂ ਕਿਸਾਨ ਚੰਡੀਗੜ੍ਹ ਸਥਿਤ ਰਾਜ ਭਵਨ ਵੱਲ ਪੈਦਲ ਮਾਰਚ ਕਰਨਗੇ।

ਲੱਖੋਵਾਲ ਨੇ ਕਿਹਾ, "ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਨੇ ਪੰਜਾਬ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਪੰਜਾਬ ਨੂੰ ਹਮੇਸ਼ਾ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪਿਆ ਹੈ, ਜੋ ਅੱਜ ਵੀ ਜਾਰੀ ਹੈ।" ਪਰਮਿੰਦਰ ਸਿੰਘ ਪਾਲਮਾਜਰਾ ਤੇ ਪਰਸ਼ੋਤਮ ਸਿੰਘ ਗਿੱਲ ਨੇ ਕਿਸਾਨਾਂ ਨੂੰ ਫ਼ਸਲੀ ਕਰਜ਼ੇ ਸਮੇਂ ਸਿਰ ਯਕੀਨੀ ਬਣਾਉਣ ਲਈ ਸਹਿਕਾਰੀ ਬੈਂਕਾਂ ਨੂੰ ਮਜ਼ਬੂਤ ਕਰਨ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਸਰਕਾਰੀ ਸਬਸਿਡੀਆਂ ਅਤੇ ਕਰਜ਼ਾ ਮੁਆਫ਼ੀ ਪ੍ਰੋਗਰਾਮ ਬਿਨਾਂ ਕਿਸੇ ਦੇਰੀ ਦੇ ਕਾਸ਼ਤਕਾਰਾਂ ਤੱਕ ਪਹੁੰਚਣੇ ਚਾਹੀਦੇ ਹਨ, ਕਿਉਂਕਿ ਬਹੁਤ ਸਾਰੇ ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਉਨ੍ਹਾਂ ਕਿਸਾਨਾਂ ਨੂੰ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਵੀ ਮੰਗ ਕੀਤੀ ਤਾਂ ਜੋ ਉਹ ਝੋਨੇ ਦੀ ਪਨੀਰੀ ਤਿਆਰ ਕਰ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡਾਂ ਵਿੱਚ ਕਰਜ਼ਾ ਦੇਣ ਲਈ ਸਹਿਕਾਰੀ ਸੰਸਥਾਵਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਫਿਰ ਵੀ ਕਿਸਾਨਾਂ ਨੂੰ ਫੰਡ ਲੈਣ ਵਿੱਚ ਅਕਸਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੱਖੋਵਾਲ ਨੇ ਕਿਹਾ ਕਿ ਇਹ ਪ੍ਰਦਰਸ਼ਨ ਸ਼ਾਂਤਮਈ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਪੰਜਾਬ ਦੇ ਕਿਸਾਨ ਹੁਣ ਹੋਰ ਇੰਤਜ਼ਾਰ ਨਹੀਂ ਕਰ ਸਕਦੇ। ਸਰਕਾਰ ਨੂੰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਕਦਮ ਚੁੱਕਣੇ ਚਾਹੀਦੇ ਹਨ।"

**ਇਸ ਪ੍ਰਦਰਸ਼ਨ ਦੀਆਂ ਮੁੱਖ ਮੰਗਾਂ ਹਨ:** ਪੰਜਾਬ ਯੂਨੀਵਰਸਿਟੀ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕੀਤੀ ਜਾਵੇ, ਚੰਡੀਗੜ੍ਹ ਸ਼ਹਿਰ ਬਿਨਾਂ ਕਿਸੇ ਦੇਰੀ ਦੇ ਪੰਜਾਬ ਨੂੰ ਦਿੱਤਾ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਦੇ ਨਿਯਮਾਂ ਵਿੱਚ ਸੋਧ ਕੀਤੀ ਜਾਵੇ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ, ਦਰਿਆਈ ਪਾਣੀਆਂ ਦਾ ਮੁੱਦਾ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਵੇ, ਉਦਯੋਗਾਂ ਦਾ ਪ੍ਰਦੂਸ਼ਿਤ ਪਾਣੀ ਤੇ ਸੀਵਰੇਜ ਦਾ ਪਾਣੀ ਦਰਿਆਵਾਂ, ਨਹਿਰਾਂ ਅਤੇ ਝੀਲਾਂ ਵਿੱਚ ਜਾਣ ਤੋਂ ਰੋਕਣ ਲਈ ਉਪਾਅ ਕੀਤੇ ਜਾਣ।

# ਭਾਜਪਾ ਕੇਂਦਰੀ ਏਜੰਸੀ ਈਡੀ ਦੀ ਗ਼ਲਤ ਵਰਤੋਂ ਕਰਕੇ ਵਿਰੋਧੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ : ਮੁੰਡੀਆਂ

ਸਾਹਨੇਵਾਲ, 10 ਮਈ (ਕੁਲਦੀਪ ਸਿੰਘ ਕੁਹਾੜਾ): ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਕੇਂਦਰੀ ਜਾਂਚ ਏਜੰਸੀ ਈਡੀ (ਐਨਫੋਰਸਮੈਂਟ ਡਾਇਰੈਕਟੋਰੇਟ) ਦੀ ਕਾਰਵਾਈ ਨੂੰ ਲੈ ਕੇ ਸਿਆਸੀ ਤਣਾਅ ਵੱਧ ਗਿਆ ਹੈ। ਆਮ ਆਦਮੀ ਪਾਰਟੀ ਦੇ ਕੈਬਿਨੇਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕੇਂਦਰ ਸਰਕਾਰ ਤੇ ਬੀਜੇਪੀ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਈਡੀ ਵਰਗੀਆਂ ਏਜੰਸੀਆਂ ਦਾ ਇਸਤੇਮਾਲ ਸਿਰਫ਼ ਵਿਰੋਧੀ ਧਿਰ ਦੇ ਆਗੂਆਂ ਨੂੰ ਦਬਾਉਣ ਅਤੇ ਡਰਾਉਣ ਲਈ ਕੀਤਾ ਜਾ ਰਿਹਾ ਹੈ।



ਮੰਤਰੀ ਮੁੰਡੀਆਂ ਨੇ ਕਿਹਾ ਕਿ ਜਿਹੜੇ ਵੀ ਸੂਬਿਆਂ ਵਿੱਚ ਬੀਜੇਪੀ ਦੀ ਸਰਕਾਰ ਨਹੀਂ ਹੈ, ਉਥੇ ਕੇਂਦਰੀ ਏਜੰਸੀਆਂ ਨੂੰ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਦੀ ਲੋਕਪ੍ਰਿਯਤਾ ਅਤੇ ਸਰਕਾਰ ਦੇ ਕੰਮਾਂ ਤੋਂ ਘਬਰਾਕੇ ਵਿਰੋਧੀਆਂ ਖ਼ਿਲਾਫ਼ ਝੂਠੇ ਕੇਸਾਂ ਅਤੇ ਰੇਡਾਂ ਦਾ ਸਹਾਰਾ ਲਿਆ ਜਾ ਰਿਹਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਬੀਤੇ ਕੁਝ ਸਾਲਾਂ ਵਿੱਚ ਈਡੀ ਵੱਲੋਂ ਕੀਤੀਆਂ ਜ਼ਿਆਦਾਤਰ ਕਾਰਵਾਈਆਂ ਰਾਜਨੀਤਿਕ ਮਕਸਦਾਂ ਨਾਲ ਪ੍ਰੇਰਿਤ ਰਹੀਆਂ ਹਨ ਅਤੇ ਬਾਅਦ ਵਿੱਚ ਅਦਾਲਤਾਂ ਵਿੱਚ ਉਹ ਕੇਸ ਕਾਇਮ ਨਹੀਂ ਰਹੇ। ਮੁੰਡੀਆਂ ਨੇ ਕਿਹਾ ਕਿ ਲੋਕਤੰਤਰ ਵਿੱਚ ਜਾਂਚ ਏਜੰਸੀਆਂ ਨੂੰ ਨਿਰਪੱਖ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਸਿਆਸੀ ਪਾਰਟੀ ਦੇ ਇਸ਼ਾਰੇ 'ਤੇ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਭ ਕੁਝ ਸਮਝਦੇ ਹਨ ਅਤੇ ਕੇਂਦਰ ਸਰਕਾਰ ਦੀਆਂ 'ਡਰਾਊ ਤੇ ਦਬਾਊ" ਨੀਤੀਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ। ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੇ ਹੱਕਾਂ ਲਈ ਡਟ ਕੇ ਲੜਦੀ ਰਹੇਗੀ ਅਤੇ ਕਿਸੇ ਵੀ ਕੇਂਦਰੀ ਦਬਾਅ ਅੱਗੇ ਨਹੀਂ ਝੁਕੇਗੀ।

ਮੁੰਡੀਆਂ ਨੇ ਇਹ ਵੀ ਕਿਹਾ ਕਿ ਜੇਕਰ ਕਿਸੇ ਨੇ ਭ੍ਰਿਸ਼ਟਾਚਾਰ ਕੀਤਾ ਹੈ ਤਾਂ ਕਾਨੂੰਨ ਆਪਣਾ ਕੰਮ ਕਰੇ, ਪਰ ਸਿਰਫ਼ ਰਾਜਨੀਤਿਕ ਬਦਲੇ ਦੀ ਭਾਵਨਾ ਨਾਲ ਈਡੀ ਦੀ ਵਰਤੋਂ ਕਰਨਾ ਦੇਸ਼ ਦੀਆਂ ਲੋਕਤਾਂਤਰਿਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ।

# ਗੈਂਗਸਟਰਾਂ 'ਤੇ ਵਾਰ ਦੇ 110ਵੇਂ ਦਿਨ 537 ਥਾਵਾਂ ਉੱਤੇ ਛਾਪੇਮਾਰੀ ਦੌਰਾਨ 248 ਗ੍ਰਿਫ਼ਤਾਰ

ਚੰਡੀਗੜ੍ਹ, 10 ਮਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੇ 110ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 537 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ"- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

110ਵੇਂ ਦਿਨ, ਪੁਲਿਸ ਟੀਮਾਂ ਨੇ ਛੇ ਹਥਿਆਰਾਂ ਸਮੇਤ 248 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 27,098 ਹੋ ਗਈ। ਇਸ ਤੋਂ ਇਲਾਵਾ 94 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 28 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 11 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 435ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 67 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 7.8 ਕਿਲੋ ਹੈਰੋਇਨ, 581 ਨਸ਼ੀਲੀਆਂ ਗੋਲੀਆਂ/ਕੈਪਸੂਲ ਤੇ 12,200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ 434 ਦਿਨਾਂ 'ਚ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ 63,385 ਤੱਕ ਪਹੁੰਚ ਗਈ ਹੈ। ਨਸ਼ਾ ਛੁਡਾਊ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ ਨੌਂ ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਹੰਤਾ ਤੋਂ ਬਾਅਦ ਹੁਣ ਨੋਰੋ ਵਾਇਰਸ ਨੇ ਵਧਾਈ ਦੁਨੀਆਂ ਦੀ ਚਿੰਤਾ

ਨਵੀਂ ਦਿੱਲੀ, 10 ਮਈ (ਚ.ਨ.ਸ.): ਹੰਤਾ ਵਾਇਰਸ ਦੇ ਡਰ ਦੇ ਵਿਚਕਾਰ, ਇੱਕ ਹੋਰ ਨਵਾਂ ਵਾਇਰਸ ਸਾਹਮਣੇ ਆਇਆ ਹੈ। ਦੁਨੀਆ ਇਸ ਸਮੇਂ ਦੋ ਵੱਖ-ਵੱਖ ਕਰੂਜ਼ ਜਹਾਜ਼ਾਂ 'ਤੇ ਵਾਇਰਸ ਦੇ ਫੈਲਣ ਨੂੰ ਲੈ ਕੇ ਚਿੰਤਤ ਹੈ। ਕਰੂਜ਼ ਜਹਾਜ਼ ਹੋਂਡੀਅਸ 'ਤੇ ਹੰਤਾ ਵਾਇਰਸ ਦੇ ਫੈਲਣ ਤੋਂ ਬਾਅਦ, ਨੋਰੋਵਾਇਰਸ ਹੁਣ ਕੈਰੇਬੀਅਨ ਰਾਜਕੁਮਾਰੀ 'ਚ ਫੈਲ ਗਿਆ ਹੈ। ਦੋਵਾਂ ਜਹਾਜ਼ਾਂ ਦੀ ਨਿਗਰਾਨੀ ਅਮਰੀਕੀ ਏਜੰਸੀ ਸੀਡੀਸੀ ਤੇ ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੀ ਜਾ ਰਹੀ ਹੈ।

**ਨੋਰੋਵਾਇਰਸ ਕੈਰੇਬੀਅਨ ਪ੍ਰਿੰਸੈਸ ਕਰੂਜ਼ ਜਹਾਜ਼ ਨਾਲ ਟਕਰਾਇਆ :** ਕੈਰੇਬੀਅਨ ਪ੍ਰਿੰਸੈਸ ਕਰੂਜ਼ ਜਹਾਜ਼ 13 ਦਿਨਾਂ ਦੀ ਯਾਤਰਾ 'ਤੇ ਫਲੋਰੀਡਾ ਤੋਂ ਰਵਾਨਾ ਹੋਇਆ। ਇਸ ਵਿੱਚ 3,116 ਯਾਤਰੀ ਤੇ 1,131 ਚਾਲਕ ਦਲ ਦੇ ਮੈਂਬਰ ਹਨ। ਜਹਾਜ਼ ਵਿੱਚ ਸਵਾਰ ਲਗਭਗ 115 ਲੋਕ ਨੋਰੋਵਾਇਰਸ ਕਾਰਨ ਉਲਟੀਆਂ, ਦਸਤ ਅਤੇ ਪੇਟ ਦੀ ਲਾਗ ਤੋਂ ਪੀੜਤ ਹਨ। ਇਹ ਕਰੂਜ਼ ਜਹਾਜ਼ 11 ਮਈ ਨੂੰ ਅਮਰੀਕਾ ਦੇ ਪੋਰਟ ਕੈਨੇਵਰਲ ਪਹੁੰਚੇਗਾ।

**ਐਮਵੀ ਹੋਂਡੀਅਸ 'ਤੇ ਹੰਤਾ ਦਾ ਹਾਦਸਾ :** ਅਰਜਨਟੀਨਾ ਤੋਂ ਅੰਟਾਰਕਟਿਕਾ ਜਾ ਰਿਹਾ ਐਮਵੀ ਹੋਂਡੀਅਸ ਕਰੂਜ਼ ਜਹਾਜ਼ 147 ਯਾਤਰੀਆਂ ਅਤੇ ਚਾਲਕ ਦਲ ਨੂੰ ਲੈ ਕੇ ਜਾ ਰਿਹਾ ਹੈ। ਹੁਣ ਤੱਕ ਛੇ ਸੰਕਰਮਿਤ ਹੋਏ ਹਨ, ਅਤੇ ਤਿੰਨ ਦੀ ਮੌਤ ਹੋ ਗਈ ਹੈ। ਲਾਗ ਦੇ ਕਾਰਨ, ਕਰੂਜ਼ ਜਹਾਜ਼ ਕੇਪ ਵਰਡੇ ਵਿੱਚ ਡੌਕ ਕਰਨ ਵਿੱਚ ਅਸਮਰੱਥ ਸੀ। ਇਸਨੂੰ ਹੁਣ ਕੈਨਰੀ ਟਾਪੂਆਂ ਵੱਲ ਮੋੜ ਦਿੱਤਾ ਗਿਆ ਹੈ। WHO ਯਾਤਰੀਆਂ ਦੀ ਨਿਗਰਾਨੀ ਕਰ ਰਿਹਾ ਹੈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। **ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
**PRGI (RNI) Regd. No. 22972/1972**

# ਬੰਗਲਾਦੇਸ਼ ਨੇ ਭਾਰਤ ਨਾਲ ਦੋਸਤਾਨਾ ਸਬੰਧਾਂ ਦੀ ਕੀਤੀ ਵਕਾਲਤ

ਢਾਕਾ, 10 ਮਈ (ਚ.ਨ.ਸ.): ਬੰ ਗ ਲਾ ਦੇ ਸ਼ ਦੇ ਪ੍ਰਧਾਨ ਮੰਤਰੀ ਤਾਰਿਕ ਰ ਹਿ ਮਾ ਨ ਦੇ ਇੱਕ ਸੀ ਨੀ ਅ ਰ ਸ ਲਾ ਹ ਕਾ ਰ ਨੇ ਐਤਵਾਰ ਨੂੰ ਕਿਹਾ ਕਿ ਢਾਕਾ ਨਵੀਂ ਦਿੱਲੀ ਨਾਲ " ਦੋ ਸ ਤਾ ਨਾ ਸਬੰਧ" ਚਾਹੁੰਦਾ ਹੈ, ਜਦੋਂ ਕਿ ਉਨ੍ਹਾਂ ਨੇ ਪਿਛਲੇ ਹਫਤੇ ਭਾਰਤ ਨਾਲ ਲੱਗਦੀ ਸਰਹੱਦ 'ਤੇ ਦੋ ਬੰਗਲਾਦੇਸ਼ੀ ਨਾਗਰਿਕਾਂ ਦੀ ਹੱਤਿਆ 'ਤੇ ਚਿੰਤਾ ਪ੍ਰਗਟਾਈ।



ਸ਼ੁੱਕਰਵਾਰ ਰਾਤ ਨੂੰ ਤ੍ਰਿਪੁਰਾ ਦੇ ਸਿਪਾਹੀਜਾਲਾ ਜ਼ਿਲ੍ਹੇ ਵਿੱਚ ਸੀਮਾ ਸੁਰੱਖਿਆ ਬਲ (ਬੀ.ਐੱਸ.ਐਫ.) ਵੱਲੋਂ ਦੋ ਸ਼ੱਕੀ ਬੰਗਲਾਦੇਸ਼ੀ ਤਸਕਰਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਇਸ ਤੋਂ ਬਾਅਦ ਬੀ.ਐੱਸ.ਐਫ. ਅਤੇ ਬਾਰਡਰ ਗਾਰਡਸ ਬੰਗਲਾਦੇਸ਼ (ਬੀ.ਜੀ.ਬੀ.) ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕਮਲਾਸਾਗਰ ਬੀ.ਓ.ਪੀ. ਰਾਹੀਂ ਲਾਸ਼ਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਸਨ। ਪ੍ਰਧਾਨ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਰੂਹੁਲ ਕਬੀਰ ਰਿਜ਼ਵੀ ਨੇ ਐਤਵਾਰ ਨੂੰ ਕਿਹਾ,"ਅਸੀਂ ਦੋਸਤਾਨਾ ਸਬੰਧ ਚਾਹੁੰਦੇ ਹਾਂ, ਪਰ ਜੇਕਰ ਸਰਹੱਦ ਵਾਰ-ਵਾਰ ਲਹੂ-ਲੁਹਾਣ ਹੁੰਦੀ ਰਹੀ ਤਾਂ ਚੰਗੇ ਸਬੰਧ ਕਾਇਮ ਨਹੀਂ ਰੱਖੇ ਜਾ ਸਕਦੇ।"

ਰਿਜ਼ਵੀ ਨੇ ਡਿਪਲੋਮਾ ਇੰਜੀਨੀਅਰਾਂ ਦੀ ਕੌਮੀ ਕਨਵੈਨਸ਼ਨ ਵਿੱਚ ਆਪਣੇ ਸੰਬੋਧਨ ਦੌਰਾਨ ਦੋ ਸ਼ੱਕੀ ਤਸਕਰਾਂ ਦੀ ਹੱਤਿਆ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, "ਕੱਲ੍ਹ ਵੀ ਬ੍ਰਾਹਮਣਬਾਰੀਆ ਸਰਹੱਦ 'ਤੇ ਦੋ ਵਿਅਕਤੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।"

ਰਿਜ਼ਵੀ, ਜੋ ਕਿ ਸੱਤਾਧਾਰੀ ਪਾਰਟੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐੱਨ.ਪੀ.) ਦੇ ਸੀਨੀਅਰ ਆਗੂ ਵੀ ਹਨ, ਨੇ ਕਿਹਾ ਕਿ ਭਾਰਤ ਦੇ ਆਮ ਲੋਕ ਵੀ ਸਰਹੱਦ 'ਤੇ ਅਜਿਹੀਆਂ ਘਟਨਾਵਾਂ ਹੁੰਦੀਆਂ ਨਹੀਂ ਦੇਖਣਾ ਚਾਹੁੰਦੇ। ਭਾਰਤ ਵਿੱਚ ਹਾਲ ਹੀ 'ਚ ਹੋਈਆਂ ਸੂਬਾ ਚੋਣਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਫੈਸਲਾ ਕਰਨਾ ਭਾਰਤ ਦੇ ਲੋਕਾਂ ਦਾ "ਆਪਣਾ ਨਿੱਜੀ (ਅੰਦਰੂਨੀ) ਮਾਮਲਾ" ਹੈ।

# ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਵਿਸ਼ਵ ਪੱਧਰੀ ਟਿਕਾਊ ਵਿਕਾਸ ਸੰਮੇਲਨ ਲਈ ਸਾਂਝ

ਮੋਹਾਲੀ, 10 ਮਈ (ਹਰਦੀਪ ਕੌਰ): ਗੁਰੂ ਨਾਨਕ ਗਲੋਬਲ ਫਾਊਂਡੇਸ਼ਨ (ਭਾਰਤ) ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚਾਲੇ "ਪਿਊਰ ਪਲੈਨੇਟ ਗਲੋਬਲ ਕਾਨਫਰੰਸ ਦੋ ਹਜ਼ਾਰ ਛੱਬੀ" ਦੇ ਆਯੋਜਨ ਲਈ ਇੱਕ ਮਹੱਤਵਪੂਰਨ ਸਮਝੌਤਾ ਹੋਇਆ ਹੈ। ਇਸ ਸਬੰਧੀ ਜਾਣਕਾਰੀ ਇੱਥੇ ਮੋਹਾਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਦੇ ਚੇਅਰਮੈਨ ਤੇ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਦੇ ਚਾਂਸਲਰ ਬਲਜੀਤ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਮਝੌਤੇ ਤਹਿਤ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਅੰਮ੍ਰਿਤਸਰ ਅਧਿਆਇ ਲਈ ਅਧਿਕਾਰਕ ਮੇਜ਼ਬਾਨ ਸੰਸਥਾ ਵਜੋਂ ਚੁਣਿਆ ਗਿਆ ਹੈ। ਇਹ ਵਿਸ਼ਵ ਪੱਧਰੀ ਸੰਮੇਲਨ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਲਕਸ਼ਾਂ ਨੂੰ ਅੱਗੇ ਵਧਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਬਦਲਾਅ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਕਰਵਾਇਆ ਜਾ ਰਿਹਾ ਹੈ। ਖਾਲਸਾ ਕਾਲਜ ਕੈਂਪਸ ਵਿੱਚ ਇਹ ਵਿਸ਼ੇਸ਼ ਸੰਮੇਲਨ ਨੌਂ ਦਸੰਬਰ, ਦੋ ਹਜ਼ਾਰ ਛੱਬੀ ਨੂੰ "ਲੋਕ ਸ਼ਕਤੀ-ਉਭਰਦੇ ਨਾਇਕ" ਵਿਸ਼ੇ ਅਧੀਨ ਕਰਵਾਇਆ ਜਾਵੇਗਾ। ਇਸ ਦੌਰਾਨ ਗਰੀਬੀ ਉਨਮੂਲਨ, ਗੁਣਵੱਤਾ ਵਾਲੀ ਸਿੱਖਿਆ, ਲਿੰਗ ਸਮਾਨਤਾ, ਸਮਾਜਿਕ ਅਸਮਾਨਤਾਵਾਂ ਦੇ ਖਾਤਮੇ ਅਤੇ ਮਨੁੱਖੀ ਸਸ਼ਕਤੀਕਰਨ ਵਰਗੇ ਅਹਿਮ ਵਿਸ਼ਿਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਹ ਅੰਤਰਰਾਸ਼ਟਰੀ ਪੱਧਰ ਦਾ ਸੰਮੇਲਨ ਪੰਜ ਦਸੰਬਰ ਤੋਂ ਤੇਰਾਂ ਦਸੰਬਰ, ਦੋ ਹਜ਼ਾਰ ਛੱਬੀ ਤੱਕ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਇਆ ਜਾਵੇਗਾ। ਆਯੋਜਕਾਂ ਮੁਤਾਬਕ ਇਸ ਵਿੱਚ ਵਿਸ਼ਵ ਪੱਧਰੀ ਸਿੱਖਿਆ ਵਿਦਵਾਨਾਂ, ਖੋਜਕਾਰਾਂ, ਨੀਤੀ ਨਿਰਧਾਰਕਾਂ, ਸਮਾਜਿਕ ਆਗੂਆਂ, ਪ੍ਰਸਿੱਧ ਹਸਤੀਆਂ, ਕਲਾਕਾਰਾਂ ਅਤੇ ਨੌਜਵਾਨਾਂ ਦੀ ਭਾਗੀਦਾਰੀ ਹੋਵੇਗੀ। ਸੰਮੇਲਨ ਵਿੱਚ ਪੰਜ ਹਜ਼ਾਰ ਤੋਂ ਵੱਧ ਪ੍ਰਤੱਖ ਭਾਗੀਦਾਰਾਂ ਦੇ ਨਾਲ-ਨਾਲ ਡਿਜ਼ਿਟਲ ਪ੍ਰਸਾਰਣ ਰਾਹੀਂ ਵਿਸ਼ਵ ਭਰ ਦੇ ਦਰਸ਼ਕਾਂ ਦੇ ਜੁੜਨ ਦੀ ਸੰਭਾਵਨਾ ਵੀ ਜਤਾਈ ਗਈ ਹੈ।



ਸੰਮੇਲਨ ਦੌਰਾਨ ਟਿਕਾਊ ਵਿਕਾਸ ਨਾਲ ਸਬੰਧਤ ਵਿਦਿਅਕ ਭਾਸ਼ਣ, ਵਿਦਿਆਰਥੀਆਂ ਵੱਲੋਂ ਖੋਜ ਪੇਸ਼ਕਾਰੀਆਂ, ਵਿਸ਼ੇਸ਼ ਵਿਚਾਰ-ਚਰਚਾਵਾਂ, ਅੰਤਰਰਾਸ਼ਟਰੀ ਨੇਤਾਵਾਂ ਦੇ ਸੰਬੋਧਨ, ਸੱਭਿਆਚਾਰਕ ਪ੍ਰਸਤੁਤੀਆਂ ਤੇ ਡਿਜ਼ਿਟਲ ਮਾਧਿਅਮਾਂ ਰਾਹੀਂ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ। ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਇਸ ਸੰਮੇਲਨ ਦਾ ਮੁੱਖ ਆਯੋਜਕ ਹੋਵੇਗਾ, ਜਦਕਿ ਖਾਲਸਾ ਕਾਲਜ ਵੱਲੋਂ ਆਡੀਟੋਰੀਅਮ ਸਹੂਲਤਾਂ, ਸਥਾਨਕ ਪ੍ਰਬੰਧ, ਸੇਵਾਦਾਰ ਟੀਮਾਂ ਤੇ ਸੱਭਿਆਚਾਰਕ ਕਾਰਜਕ੍ਰਮਾਂ ਲਈ ਸਹਿਯੋਗ ਮੁਹੱਈਆ ਕਰਵਾਇਆ ਜਾਵੇਗਾ। ਬਲਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਦਾ ਹੀ ਹਿੰਮਤ, ਸੱਭਿਆਚਾਰ, ਆਧਿਆਤਮਿਕਤਾ ਅਤੇ ਸੇਵਾ ਦੀ ਧਰਤੀ ਰਿਹਾ ਹੈ। ਉਨ੍ਹਾਂ ਕਿਹਾ ਕਿ "ਪਿਊਰ ਪਲੈਨੇਟ ਗਲੋਬਲ ਕਾਨਫਰੰਸ ਦੋ ਹਜ਼ਾਰ ਛੱਬੀ" ਰਾਹੀਂ ਨੌਜਵਾਨਾਂ, ਸਿੱਖਿਆ ਸੰਸਥਾਵਾਂ, ਖੋਜਕਾਰਾਂ ਤੇ ਵਿਸ਼ਵ ਨੇਤਾਵਾਂ ਨੂੰ ਇੱਕ ਸਾਂਝੇ ਮੰਚ 'ਤੇ ਲਿਆ ਕੇ ਮਨੁੱਖਤਾ ਸਾਹਮਣੇ ਖੜੀਆਂ ਚੁਣੌਤੀਆਂ ਦੇ ਹੱਲ ਲਈ ਵਿਸ਼ਵ ਪੱਧਰੀ ਸੰਵਾਦ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਇਸ ਭਾਈਚਾਰਕ ਸਾਂਝ ਨੂੰ ਮਾਣ ਵਾਲਾ ਕਦਮ ਕਰਾਰ ਦਿੱਤਾ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਖਾਲਸਾ ਕਾਲਜ ਹਮੇਸ਼ਾ ਅਜਿਹੀ ਸਿੱਖਿਆ ਨੂੰ ਪ੍ਰੋਤਸਾਹਿਤ ਕਰਦਾ ਆਇਆ ਹੈ ਜੋ ਸਮਾਜ ਤੇ ਮਨੁੱਖਤਾ ਦੀ ਭਲਾਈ ਨਾਲ ਜੁੜੀ ਹੋਵੇ। ਉਨ੍ਹਾਂ ਕਿਹਾ ਕਿ ਇਸ ਵਿਸ਼ਵ ਪੱਧਰੀ ਟਿਕਾਊ ਵਿਕਾਸ ਸੰਮੇਲਨ ਦੀ ਮੇਜ਼ਬਾਨੀ ਕਰਨਾ ਸੰਸਥਾ ਦੇ ਸਿੱਖਿਆਕ, ਸਮਾਜਿਕ ਅਤੇ ਨੈਤਿਕ ਮੁੱਲਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਉਪਰਾਲਾ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਜ਼ਿੰਮੇਵਾਰੀ ਤੇ ਨੇਤ੍ਰਿਤਵ ਵੱਲ ਪ੍ਰੇਰਿਤ ਕਰੇਗਾ। ਦੋਵਾਂ ਸੰਸਥਾਵਾਂ ਵੱਲੋਂ ਵਾਤਾਵਰਣ ਸੁਰੱਖਿਆ ਪ੍ਰਤੀ ਵੀ ਵਚਨਬੱਧਤਾ ਜਤਾਈ ਗਈ ਹੈ। ਇਸ ਤਹਿਤ ਕੂੜਾ ਘਟਾਉਣ, ਊਰਜਾ ਦੀ ਬਚਤ, ਹਰੇ-ਭਰੇ ਕੈਂਪਸ ਤੇ ਵਾਤਾਵਰਣ ਅਨੁਕੂਲ ਪ੍ਰਬੰਧਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਹ ਸਾਂਝ ਪੰਜਾਬ ਨੂੰ ਟਿਕਾਊ ਵਿਕਾਸ, ਨੌਜਵਾਨ ਅਗਵਾਈ, ਸੱਭਿਆਚਾਰਕ ਕੂਟਨੀਤੀ ਅਤੇ ਵਿਸ਼ਵ ਪੱਧਰੀ ਅਕਾਦਮਿਕ ਸੰਵਾਦ ਦਾ ਕੇਂਦਰ ਬਣਾਉਣ ਵੱਲ ਇੱਕ ਅਹਿਮ ਕਦਮ ਮੰਨੀ ਜਾ ਰਹੀ ਹੈ।

# ਵਿਜੇ ਥਲਾਪਤੀ ਬਣੇ ਤਾਮਿਲਨਾਡੂ ਦੇ 9ਵੇਂ ਮੁੱਖ ਮੰਤਰੀ

## ਰਾਜਪਾਲ ਆਰਲੇਕਰ ਨੇ 9 ਹੋਰ ਮੰਤਰੀਆਂ ਸਮੇਤ ਚੁਕਾਈ ਸਹੁੰ

**ਚੜ੍ਹਦੀਕਲਾ ਬਿਊਰੋ**

================

ਚੇਨਈ, 10 ਮਈ : ਤਾਮਿਲਾਗਾ ਵੇਤਰੀ ਕਜ਼ਗਮ (ਟੀ.ਵੀ.ਕੇ.) ਦੇ ਵਿਧਾਇਕ ਦਲ ਦੇ



ਨੇਤਾ ਅਤੇ ਉੱਘੇ ਅਦਾਕਾਰ ਸੀ.ਜੋਸਫ ਵਿਜੇ ਨੇ ਅੱਜ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਚੇਨਈ ਦੇ ਜਵਾਹਰ ਲਾਲ ਨਹਿਰੂ ਇੰਡੋਰ ਸਟੇਡੀਅਮ ਵਿੱਚ ਕਰਵਾਏ ਗਏ ਇੱਕ ਸ਼ਾਨਦਾਰ ਸਮਾਗਮ ਦੌਰਾਨ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਉਨ੍ਹਾਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਸਹੁੰ ਚੁੱਕ ਸਮਾਗਮ ਨਾਲ ਸੂਬੇ ਦੀ ਰਾਜਨੀਤੀ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਪਿਛਲੇ 60 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਡੀ.ਐਮ.ਕੇ ਜਾਂ ਏ.ਆਈ.ਏ.ਡੀ.ਐਮ.ਕੇ. ਵਰਗੀਆਂ ਦ੍ਰਾਵਿੜ ਪਾਰਟੀਆਂ ਨੂੰ ਪਛਾੜ ਕੇ ਕਿਸੇ ਤੀਜੀ ਧਿਰ ਨੇ ਸੱਤਾ ਸੰਭਾਲੀ ਹੈ। ਸਟੇਡੀਅਮ ਦੇ ਅੰਦਰ ਅਤੇ ਬਾਹਰ ਲੱਖਾਂ ਦੀ ਗਿਣਤੀ ਵਿੱਚ ਵਿਜੇ ਦੇ ਪ੍ਰਸ਼ੰਸਕ ਅਤੇ ਸਮਰਥਕ ਜਸ਼ਨ ਮਨਾ ਰਹੇ ਹਨ। ਵਿਜੇ ਨੂੰ ਹੁਣ 13 ਮਈ ਤੱਕ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਾਬਤ ਕਰਨਾ ਹੋਵੇਗਾ। ਸਹੁੰ ਚੁੱਕ ਸਮਾਗਮ ਵਿੱਚ ਰਾਹੁਲ ਗਾਂਧੀ ਵੀ ਸ਼ਾਮਲ ਹੋਏ। ਵਿਜੇ ਦੇ ਨਾਲ ਨੌਂ ਮੰਤਰੀਆਂ ਨੇ ਵੀ ਸਹੁੰ ਚੁੱਕੀ ਇਨ੍ਹਾਂ ਵਿੱਚ ਐਨ ਆਨੰਦ,ਆਧਵ ਅਰਜੁਨ, ਡਾ. ਕੇਜੀ ਅਰੁਣਰਾਜ, ਕੇਏ ਸੇਂਗੋਟੈਯਨ, ਪੀ ਵੇਂਕਟਰਮਣਮ, ਆਰ ਨਿਰਮਲਕੁਮਾਰ, ਰਾਜਮੋਹਨ, ਡਾ. ਟੀਕੇ ਪ੍ਰਭੂ, ਸੇਲਵੀ ਐਸ ਕੀਰਤਨਾ ਦਾ ਨਾਮ ਸ਼ਾਮਿਲ ਹੈ। ਇਹ ਸਾਰੇ ਵਿਜੇ ਦੀ ਪਾਰਟੀ, ਟੀਵੀਕੇ ਦੇ ਵਿਧਾਇਕ ਹਨ। ਵਿਜੇ ਦੀ ਪਹਿਲੀ ਕੈਬਨਿਟ ਵਿੱਚ

(ਬਾਕੀ ਸਫਾ 11 'ਤੇ)

### ਮੁੱਖ ਮੰਤਰੀ ਬਣਦਿਆਂ ਹੀ ਵਿਜੇ ਥਲਾਪਤੀ ਨੇ 3 ਵੱਡੇ ਫੈਸਲਿਆਂ 'ਤੇ ਲਾਈ ਮੋਹਰ

ਚੇਨਈ, 10 ਮਈ (ਚੜ੍ਹਦੀਕਲਾ ਬਿਊਰੋ) : ਤਮਿਲਗਾ ਵੇਤਰੀ ਕੜਗਮ (ਟੀ.ਵੀ.ਕੇ.) ਦੇ ਮੁਖੀ ਸੀ. ਜੋਸਫ਼ ਵਿਜੇ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਅਧਿਕਾਰਤ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਤੋਂ ਬਾਅਦ, ਵਿਜੇ ਨੇ ਜਨਤਾ ਨੂੰ ਇੱਕ ਮਹੱਤਵਪੂਰਨ ਤੋਹਫ਼ਾ ਦਿੱਤਾ ਹੈ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ 200 ਯੂਨਿਟ ਮੁਫ਼ਤ ਬਿਜਲੀ ਹੈ। ਇਸ ਤੋਂ ਇਲਾਵਾ, ਔਰਤਾਂ ਦੀ ਸੁਰੱਖਿਆ ਲਈ ਮੁਹਿੰਮਾਂ ਅਤੇ ਹੈਲਪਲਾਈਨਾਂ ਸ਼ੁਰੂ ਕੀਤੀਆਂ ਜਾਣਗੀਆਂ ਅਤੇ ਰਾਜ ਵਿੱਚ ਨਸ਼ਿਆਂ ਦੀ ਦੁਰਵਰਤੋਂ ਨਾਲ ਨਜਿੱਠਣ ਲਈ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਈ ਜਾਵੇਗੀ। ਟੀ.ਵੀ.ਕੇ. ਅਤੇ ਵਿਜੇ ਦੀ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਪਹਿਲੀ ਵਾਰ ਜਿੱਤ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇੱਕ ਤਜਰਬੇਕਾਰ ਅਦਾਕਾਰ ਤੋਂ ਮੁੱਖ ਮੰਤਰੀ ਬਣਨ ਤੋਂ ਤੁਰੰਤ

(ਬਾਕੀ ਸਫਾ 11 'ਤੇ)

# ਦਿੱਲੀ 'ਚ ਅੱਤਵਾਦੀ ਹਮਲੇ ਦਾ ਅਲਰਟ

ਨਵੀਂ ਦਿੱਲੀ, 10 ਮਈ (ਚੜ੍ਹਦੀਕਲਾ ਬਿਊਰੋ) : ਖੁਫੀਆ ਏਜੰਸੀਆਂ ਨੇ ਦਿੱਲੀ ਵਿੱਚ ਅੱਤਵਾਦੀ ਹਮਲੇ ਦਾ ਅਲਰਟ ਜਾਰੀ ਕੀਤਾ ਹੈ। ਜਿਸ ਦੇ ਚੱਲਦੇ ਭਾਜਪਾ ਹੈੱਡਕੁਆਰਟਰ ਅਤੇ ਆਲੇ ਦੁਆਲੇ ਦੀਆਂ ਸਰਕਾਰੀ ਇਮਾਰਤਾਂ ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।ਏਜੰਸੀਆਂ ਨੂੰ ਸ਼ੱਕ ਹੈ ਕਿ ਦੀਨ ਦਿਆਲ ਉਪਾਧਿਆਏ (ਡੀ.ਡੀ.ਯੂ.) ਮਾਰਗ ਤੇ ਸਥਿਤ ਦਫਤਰਾਂ ਨੂੰ ਆਤਮਘਾਤੀ ਹਮਲਿਆਂ, ਕਾਰ ਬੰਬ ਧਮਾਕਿਆਂ, ਗੋਲੀਬਾਰੀ ਜਾਂ ਆਈ.ਈ.ਡੀ. ਰਾਹੀਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਸੁਰੱਖਿਆ ਬਲਾਂ ਨੇ ਕਿਸੇ ਵੀ ਖ਼ਤਰੇ ਨੂੰ ਟਾਲਣ ਲਈ ਨਿਗਰਾਨੀ ਅਤੇ ਸਾਵਧਾਨੀ ਦੇ ਉਪਾਅ ਵਧਾ ਦਿੱਤੇ ਹਨ। ਪੁਲਿਸ ਅਤੇ ਸੁਰੱਖਿਆ ਬਲਾਂ ਨੇ ਵਾਧੂ ਕਰਮਚਾਰੀ ਤਾਇਨਾਤ ਕੀਤੇ ਹਨ, ਜਾਂਚ ਅਤੇ ਸੀਸੀਟੀਵੀ ਨਿਗਰਾਨੀ ਵਧਾ ਦਿੱਤੀ ਹੈ। ਸੁਰੱਖਿਆ ਏਜੰਸੀਆਂ ਕਿਸੇ ਵੀ ਸੰਭਾਵੀ ਖਤਰੇ ਨੂੰ ਰੋਕਣ ਲਈ ਤਾਲਮੇਲ ਨਾਲ ਕੰਮ ਕਰ ਰਹੀਆਂ ਹਨ, ਜਿਸ ਵਿੱਚ ਬੈਰੀਕੇਡ ਲਗਾਉਣਾ ਅਤੇ ਸ਼ੱਕੀ ਗਤੀਵਿਧੀਆਂ ਦੀ ਨਿਗਰਾਨੀ ਲਈ ਵਾਹਨਾਂ ਦੀ ਬੇਤਰਤੀਬ ਜਾਂਚ ਕਰਨਾ ਸ਼ਾਮਲ ਹੈ। ਬੰਬ ਨਿਰੋਧਕ ਦਸਤੇ, ਸਨਿਫਰ ਡੌਗ ਯੂਨਿਟ ਅਤੇ ਤੇਜ਼ ਪ੍ਰਤੀਕਿਰਿਆ ਟੀਮਾਂ ਨੂੰ ਹਾਈ ਅਲਰਟ ਤੇ ਰੱਖਿਆ ਗਿਆ ਹੈ। ਦਿੱਲੀ ਫਾਇਰ ਸਰਵਿਸ ਨੂੰ ਵੀ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਮੰਤਰੀ ਸੰਜੀਵ ਅਰੋੜਾ ਦਾ ਗੁਰੂਗ੍ਰਾਮ ਸੈਸ਼ਨ ਅਦਾਲਤ ਨੇ ਦਿੱਤਾ 7 ਦਿਨ ਦਾ ਰਿਮਾਂਡ

## ਬੀਤੇ ਦਿਨ ਮਨੀ ਲਾਂਡਰਿੰਗ ਮਾਮਲੇ ਵਿੱਚ ਕੀਤਾ ਸੀ ਗ੍ਰਿਫਤਾਰ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ : ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਮੰਤਰੀ ਸੰਜੀਵ ਅਰੋੜਾ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਸ਼ਨੀਵਾਰ ਨੂੰ ਛਾਪੇਮਾਰੀ ਦੌਰਾਨ ਉਹ ਚੰਡੀਗੜ੍ਹ ਦੇ ਸੈਕਟਰ 2 ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਸਨ। ਟੀਮ ਨੇ ਉਨ੍ਹਾਂ ਤੋਂ ਲਗਭਗ 10 ਘੰਟੇ ਪੁੱਛ-ਗਿੱਛ ਕੀਤੀ। ਫਿਰ, ਸ਼ਾਮ 5 ਵਜੇ ਦੇ ਕਰੀਬ, ਈ.ਡੀ. ਦੀ ਟੀਮ ਉਨ੍ਹਾਂ ਨੂੰ ਚੰਡੀਗੜ੍ਹ ਅਤੇ ਹਰਿਆਣਾ ਰਜਿਸਟ੍ਰੇਸ਼ਨ ਨੰਬਰਾਂ ਵਾਲੀਆਂ ਗੱਡੀਆਂ ਵਿੱਚ ਦਿੱਲੀ ਲੈ ਗਈ।



ਇਸ ਤੋਂ ਪਹਿਲਾਂ ਮੰਤਰੀ ਨੂੰ ਉਸ ਰਾਤ ਗੁਰੂਗ੍ਰਾਮ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੰਤਰੀ ਨੂੰ ਸੱਤ ਦਿਨਾਂ ਦੇ ਰਿਮਾਂਡ ਤੇ ਭੇਜ ਦਿੱਤਾ। ਇਸ ਦੌਰਾਨ, ਟੀਮ ਹੋਰ ਪੁੱਛ-ਗਿੱਛ ਕਰੇਗੀ। ਮੰਤਰੀ ਹੁਣ 16 ਮਈ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਹੋਣਗੇ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ (ਆਪ) ਪੰਜਾਬ ਭਰ ਵਿੱਚ ਭਾਜਪਾ ਵਿਰੁੱਧ ਪ੍ਰਦਰਸ਼ਨ ਕਰੇਗੀ ਅਤੇ ਜ਼ਿਲ੍ਹਾ ਹੈੱਡਕੁਆਰਟਰ ਦਫ਼ਤਰਾਂ ਦਾ ਘਿਰਾਓ ਕਰੇਗੀ। ਇਸ ਦੌਰਾਨ,ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੋਦੀ ਦੇ ਰਾਜ ਵਿੱਚ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੇ ਹਨ। ਈ.ਡੀ. ਨੂੰ ਪਾਰਟੀ ਨੂੰ ਤੋੜਨ ਲਈ ਤਾਇਨਾਤ ਕੀਤਾ ਗਿਆ ਹੈ। ਸੰਜੀਵ ਅਰੋੜਾ ਦੇ ਵਕੀਲ ਅਰਜੁਨ ਨੇ ਦੱਸਿਆ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ, ਈ.ਡੀ. ਨੇ 10 ਦਿਨਾਂ ਦਾ ਰਿਮਾਂਡ ਮੰਗਿਆ ਸੀ। ਇਸ ਲਈ ਇੱਕ ਅਰਜ਼ੀ ਦਾਇਰ ਕੀਤੀ ਗਈ ਸੀ। ਇਸ ਮਾਮਲੇ ਤੇ ਅਦਾਲਤ ਵਿੱਚ ਬਹਿਸ ਹੋਈ, ਅਤੇ ਈਡੀ ਨੂੰ ਸੱਤ ਦਿਨਾਂ ਦਾ ਰਿਮਾਂਡ ਦਿੱਤਾ ਗਿਆ। ਵਕੀਲ ਨੇ ਕਿਹਾ,ਅਸੀਂ ਆਪਣਾ ਮੁੱਦਾ ਉਠਾਇਆ ਹੈ।

ਈ.ਡੀ. ਨੇ ਕੋਈ ਜਾਂਚ ਨਹੀਂ ਕੀਤੀ। ਉਨ੍ਹਾਂ ਨੇ 5 ਮਈ ਨੂੰ ਕੇਸ ਦਰਜ ਕੀਤਾ ਅਤੇ 9 ਮਈ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਸਾਰਾ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਹੈ। ਵਕੀਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਅਜੇ ਤੱਕ ਐਫ.ਆਈ.ਆਰ. ਦੀ ਕਾਪੀ ਵੀ ਮੁਹੱਈਆ ਨਹੀਂ ਕਰਵਾਈ ਗਈ। ਅਦਾਲਤ ਨੇ ਹੁਣ ਮੰਤਰੀ ਨੂੰ 16 ਮਈ ਨੂੰ ਮੁੜ ਗੁਰੂਗ੍ਰਾਮ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

### ਕਿਸੇ ਵੀ ਮਨੁੱਖ ਦੇ ਕਿਰਦਾਰ ਦਾ ਪਤਾ ਮੁਸੀਬਤ ਸਮੇਂ ਹੀ ਲੱਗਦੈ : ਕੇਜਰੀਵਾਲ

ਨਵੀਂ ਦਿੱਲੀ, 10 ਮਈ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਨੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਇੱਕ ਫਰਜ਼ੀ ਕੇਸ ਵਿੱਚ ਗ੍ਰਿਫ਼ਤਾਰ ਕਰਨ ਨੂੰ ਪੰਜਾਬ ਦੇ ਲੋਕਾਂ ਦੇ ਭਰੋਸੇ, ਵਿਕਾਸ ਅਤੇ ਭਵਿੱਖ ਨਾਲ ਧੋਖਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਹੋਰਨਾਂ ਆਗੂਆਂ ਨੇ ਸੰਕਟ ਦੀ ਇਸ ਘੜੀ ਵਿੱਚ ਵੀ ਸੰਜੀਵ ਅਰੋੜਾ ਦੇ ਅਡੋਲ ਰਹਿਣ ਅਤੇ ਭਾਜਪਾ ਵਿੱਚ ਸ਼ਾਮਲ ਨਾ ਹੋਣ ਦੇ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ। ਅਰਵਿੰਦ ਕੇਜਰੀਵਾਲ ਨੇ ਐਕਸ 'ਤੇ ਕਿਹਾ ਕਿ ਕਿਸੇ ਵੀ ਇਨਸਾਨ ਦੇ ਕਿਰਦਾਰ ਦਾ ਪਤਾ

(ਬਾਕੀ ਸਫਾ 11 'ਤੇ)

## ਯੋਗੀ ਕੈਬਨਿਟ ਦਾ ਵੱਡਾ ਵਿਸਥਾਰ

# 6 ਨਵੇਂ ਮੰਤਰੀਆਂ ਨੇ ਚੁੱਕੀ ਸਹੁੰ, ਦੋ ਰਾਜ ਮੰਤਰੀਆਂ ਨੂੰ ਵੀ ਮਿਲੀ ਪ੍ਰੋਮੋਸ਼ਨ



**ਚੜ੍ਹਦੀਕਲਾ ਬਿਊਰੋ**

================

ਲਖਨਊ, 10 ਮਈ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਐਤਵਾਰ ਨੂੰ ਆਪਣੇ ਮੰਤਰੀ ਮੰਡਲ ਦਾ ਦੂਜਾ ਵਿਸਥਾਰ ਕੀਤਾ। ਲਖਨਊ ਦੇ ਜਨ ਭਵਨ ਵਿੱਚ ਆਯੋਜਿਤ ਇੱਕ ਸਮਾਰੋਹ ਦੌਰਾਨ ਰਾਜਪਾਲ ਆਨੰਦੀਬੇਨ ਪਟੇਲ ਨੇ 6 ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਵਿਸਥਾਰ ਨਾਲ ਯੋਗੀ ਸਰਕਾਰ ਵਿੱਚ ਮੰਤਰੀਆਂ ਦੀ ਕੁੱਲ ਗਿਣਤੀ 60 ਹੋ ਗਈ ਹੈ, ਜੋ ਕਿ ਰਾਜ ਦੀ 403 ਮੈਂਬਰੀ ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਵੱਧ ਤੋਂ ਵੱਧ ਸੀਮਾ ਹੈ। ਇਸ ਸਹੁੰ ਚੁੱਕ ਸਮਾਗਮ ਵਿੱਚ ਵੱਖ-ਵੱਖ ਸਮਾਜਿਕ ਸਮੀਕਰਨਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਭੂਪੇਂਦਰ ਸਿੰਘ ਚੌਧਰੀ ਅਤੇ ਸਮਾਜਵਾਦੀ ਪਾਰਟੀ ਦੇ ਬਾਗੀ ਵਿਧਾਇਕ ਮਨੋਜ ਪਾਂਡੇ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ। ਅਜੀਤ ਸਿੰਘ ਪਾਲ ਅਤੇ ਸੋਮੇਂਦਰ ਤੋਮਰ ਨੂੰ ਰਾਜ ਮੰਤਰੀ ਤੋਂ ਪ੍ਰਮੋਟ ਕਰਕੇ ਸੁਤੰਤਰ ਚਾਰਜ ਵਾਲੇ ਰਾਜ ਮੰਤਰੀ (ਸੁਤੰਤਰ ਚਾਰਜ) ਬਣਾਇਆ ਗਿਆ ਹੈ। ਕ੍ਰਿਸ਼ਨਾ ਪਾਸਵਾਨ, ਹੰਸਰਾਜ ਵਿਸ਼ਵਕਰਮਾ, ਕੈਲਾਸ਼ ਸਿੰਘ ਰਾਜਪੂਤ ਅਤੇ ਸੁਰੇਂਦਰ ਦਿਲੇਰ ਨੇ ਨਵੇਂ ਰਾਜ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲੀ। ਮਾਹਿਰਾਂ ਅਨੁਸਾਰ ਅਗਲੇ ਸਾਲ ਹੋਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਵਿਸਥਾਰ

(ਬਾਕੀ ਸਫਾ 11 'ਤੇ)

## ਪੱਛਮੀ ਏਸ਼ੀਆ 'ਚ ਵਧਦੇ ਤਣਾਅ ਵਿਚਾਲੇ ਲੋਕਾਂ ਨੂੰ ਅਪੀਲ

# ਪੈਟਰੋਲੀਅਮ ਉਤਪਾਦਾਂ ਦੀ ਸੰਜਮ ਨਾਲ ਕਰੋ ਵਰਤੋਂ: ਮੋਦੀ

**ਚੜ੍ਹਦੀਕਲਾ ਬਿਊਰੋ**

================

ਹੈਦਰਾਬਾਦ, 10 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਿਹਾ ਕਿ ਪੱਛਮੀ ਏਸ਼ੀਆ ਦੇ ਸੰਕਟ ਦੇ ਮੱਦੇਨਜ਼ਰ ਪੈਟਰੋ ਉਤਪਾਦਾਂ (ਪੈਟਰੋਲ, ਡੀਜ਼ਲ ਅਤੇ ਗੈਸ) ਦੀ ਸੰਜਮ ਨਾਲ ਵਰਤੋਂ ਕਰਨਾ ਸਮੇਂ ਦੀ ਲੋੜ ਹੈ। ਤੇਲੰਗਾਨਾ ਵਿੱਚ



9,400 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਕਰਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਨੂੰ ਦਰਾਮਦ ਕੀਤੇ ਜਾਣ ਵਾਲੇ ਪੈਟਰੋ ਉਤਪਾਦਾਂ ਦੀ ਵਰਤੋਂ ਸਿਰਫ਼ ਲੋੜ ਪੈਣ ਤੇ ਹੀ ਕਰਨੀ ਚਾਹੀਦੀ ਹੈ, ਕਿਉਂਕਿ ਇਸ ਨਾਲ ਨਾ ਸਿਰਫ ਵਿਦੇਸ਼ੀ ਮੁਦਰਾ ਦੀ ਬਚਤ ਹੋਵੇਗੀ ਸਗੋਂ ਜੰਗ ਦੇ ਮਾੜੇ ਪ੍ਰਭਾਵ ਵੀ ਘੱਟ ਹੋਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਸੂਰਜੀ ਊਰਜਾ (ਸੋਲਰ ਪਾਵਰ) ਪੈਦਾ ਕਰਨ ਵਾਲੇ ਦੁਨੀਆ ਦੇ ਮੋਹਰੀ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਸਰਕਾਰ ਦਾ ਮੁੱਖ ਟੀਚਾ ਹਰ ਘਰ ਤੱਕ ਐੱਲ.ਪੀ.ਜੀ. ਸਿਲੰਡਰ ਪਹੁੰਚਾਉਣਾ ਸੀ ਪਰ ਹੁਣ ਧਿਆਨ ਸਸਤੀ ਪਾਈਪ ਵਾਲੀ ਗੈਸ ਦੀ ਸਪਲਾਈ ਵਧਾਉਣ ਵੱਲ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਸੀ ਐਨ ਜੀ ਅਧਾਰਤ ਸਿਸਟਮ ਨੂੰ ਵੀ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਕਾਰਨ ਭਾਰਤ ਦੁਨੀਆ ਦੇ ਵੱਡੇ ਊਰਜਾ ਸੰਕਟ ਨਾਲ ਨਜਿੱਠ ਰਿਹਾ ਹੈ। ਉਨ੍ਹਾਂ

(ਬਾਕੀ ਸਫਾ 11 'ਤੇ)

### ਕਾਂਗਰਸ ਨੇ ਡੀ.ਐਮ.ਕੇ. ਨਾਲ ਵਿਸ਼ਵਾਸਘਾਤ ਕੀਤਾ

**ਚੜ੍ਹਦੀਕਲਾ ਬਿਊਰੋ**

================

ਬੇਂਗਲੁਰ, 10 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਾਂਗਰਸ 'ਤੇ ਦੋਸ਼ ਲਗਾਇਆ ਕਿ ਉਹ ਆਪਣੀ ਚੁਣਾਵੀ ਹਾਰ ਲਈ 'ਪੂਰੀ ਦੁਨੀਆ' ਨੂੰ ਦੋਸ਼ੀ ਠਹਿਰਾਉਂਦੀ ਹੈ ਅਤੇ ਇਹ ਸਭ ਉਸ ਦੀ ਅਕੜ ਦੀ ਵਜ੍ਹਾ ਤੋਂ ਹੈ। ਨਾਲ ਹੀ ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ ਨੇ ਤਮਿਲਨਾਡੂ ਵਿਚ ਆਪਣੇ ਸਹਿਯੋਗੀ ਡੀ.ਐਮ.ਕੇ. ਨੂੰ ਵੀ ਧੋਖਾ ਦਿੱਤਾ ਹੈ। ਬੇਂਗਲੂਰੂ ਵਿਚ ਐਚਐਲ ਏਅਰਪੋਰਟ ਕੋਲ ਜਨਸਭਾ ਨੂੰ ਸੰਬੋਧਨ ਕਰਦੇ ਹੋਏ ਪੀ.ਐਮ. ਮੋਦੀ ਨੇ ਕਿਹਾ ਕਿ ਜਿਥੇ ਇਕ ਪਾਸੇ ਭਾਜਪਾ ਚੁਣਾਵੀ ਜਿੱਤ ਹਾਸਲ ਕਰ ਰਹੀ ਹੈ, ਦੂਜੇ ਪਾਸੇ ਕਾਂਗਰਸ ਪਿਛਲੀਆਂ ਤਿੰਨ ਲੋਕ ਸਭਾ ਚੋਣਾਂ ਵਿਚ 100 ਸੀਟਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਹੈ। ਹਾਲਾਂਕਿ ਕਾਂਗਰਸ ਤੇ ਉਸ ਦੇ ਸਮਰਥਕਾਂ ਦੀ ਅਕੜ ਇੰਨੀ ਜ਼ਿਆਦਾ ਹੈ ਕਿ ਉਹ ਆਪਣੀ ਹਾਰ ਲਈ ਪੂਰੀ ਦੁਨੀਆ ਨੂੰ ਦੋਸ਼ੀ ਠਹਿਰਾਉਂਦੇ ਹਨ। ਮੋਦੀ ਨੇ ਕਿਹਾ ਕਿ ਕਾਂਗਰਸ ਸੰਵਿਧਾਨ, ਲੋਕਤੰਤਰ, ਸੰਵਿਧਾਨਕ ਸੰਸਥਾਵਾਂ ਤੇ ਅਦਾਲਤਾਂ ਨੂੰ ਦੋਸ਼ੀ ਠਹਿਰਾਉਂਦੇ ਹਨ। ਆਪਣੇ ਸਿਆਸੀ ਕਰੀਅਰ ਵਿਚ ਮੈਂ ਕਿਸੇ ਵੀ ਪਾਰਟੀ ਦਾ ਅਜਿਹਾ ਵਰਤਾਅ ਨਹੀਂ ਦੇਖਿਆ। ਉਹ ਹਾਰ ਵਿਚ ਇੰਨੇ ਡੁੱਬ ਚੁੱਕੇ ਹਨ ਕਿ ਉਨ੍ਹਾਂ ਕੋਲ ਗਲਤ ਭਾਸ਼ਾ ਦੀ ਵਰਤੋਂ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਬਚਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਲਈ ਲੋਕਾਂ ਦਾ ਕਲਿਆਣ ਹੀ ਸਭ ਕੁਝ ਹੈ। 25 ਕਰੋੜ ਲੋਕ ਗਰੀਬੀ ਤੋਂ ਬਾਹਰ ਨਿਕਲੇ ਹਨ। ਸਾਡਾ ਨਾਅਰਾ ਹੈ 'ਸਭ ਦਾ ਕਲਿਆਣ' ਤੇ ਸਾਡਾ ਮਾਡਲ ਹੈ 'ਸੁਸ਼ਾਸਨ'।

(ਬਾਕੀ ਸਫਾ 11 'ਤੇ)

# ਹਿਮੰਤ ਬਿਸਵਾ ਵੱਲੋਂ ਰਾਜਪਾਲ ਕੋਲ ਸਰਕਾਰ ਬਣਾਉਣ ਲਈ ਦਾਅਵਾ ਪੇਸ਼

## ਆਸਾਮ ਦੇ ਰਾਜਪਾਲ ਨੇ ਹਿਮੰਤ ਨੂੰ ਸਰਕਾਰ ਬਣਾਉਣ ਲਈ ਦਿੱਤਾ ਸੱਦਾ

**ਚੜ੍ਹਦੀਕਲਾ ਬਿਊਰੋ**

================

ਗੁਹਾਟੀ, 10 ਮਈ : ਆਸਾਮ ਦੇ ਰਾਜਪਾਲ ਲਕਸ਼ਮਣ ਪ੍ਰਸਾਦ ਆਚਾਰੀਆ ਨੇ ਐਤਵਾਰ ਨੂੰ



ਮੁੱਖ ਮੰਤਰੀ ਚੁਣੇ ਗਏ ਹਿਮੰਤ ਬਿਸਵਾ ਸ਼ਰਮਾ ਨੂੰ ਰਾਜ ਵਿੱਚ ਅਗਲੀ ਸਰਕਾਰ ਬਣਾਉਣ ਲਈ ਸੱਦਾ ਦਿੱਤਾ, ਇੱਕ ਬਿਆਨ ਵਿੱਚ ਕਿਹਾ ਗਿਆ ਹੈ। ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਦੇ ਆਗੂਆਂ ਨੇ ਲੋਕ ਭਵਨ ਵਿਖੇ ਆਚਾਰੀਆ ਨਾਲ ਮੁਲਾਕਾਤ ਕੀਤੀ ਅਤੇ ਸ਼ਰਮਾ ਦੀ ਅਗਵਾਈ ਹੇਠ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਲੋਕ ਭਵਨ ਨੇ ਇੱਕ ਬਿਆਨ ਵਿੱਚ ਕਿਹਾ, ਰਾਜਪਾਲ ਨੇ ਡਾ. ਹਿਮੰਤ ਬਿਸਵਾ ਸ਼ਰਮਾ ਨੂੰ ਆਸਾਮ ਵਿੱਚ ਨਵੀਂ ਸਰਕਾਰ ਬਣਾਉਣ ਲਈ ਸੱਦਾ ਦਿੱਤਾ ਹੈ। ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਆਚਾਰੀਆ ਸ਼ਰਮਾ ਨੂੰ ਮੁੱਖ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੇ ਮੈਂਬਰਾਂ ਵਜੋਂ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਉਣਗੇ। ਸਹੁੰ ਚੁੱਕ ਸਮਾਰੋਹ 12 ਮਈ ਨੂੰ ਹੋਣ ਦੀ ਯੋਜਨਾ ਹੈ, ਅਤੇ ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਭਾਜਪਾ ਪ੍ਰਧਾਨ ਨਿਤਿਨ ਨਵੀਨ ਅਤੇ ਹੋਰ ਸੀਨੀਅਰ ਨੇਤਾ ਸ਼ਾਮਲ ਹੋਣ ਦੀ ਸੰਭਾਵਨਾ ਹੈ। ਆਸਾਮ ਵਿੱਚ ਇਹ ਲਗਾਤਾਰ ਤੀਜੀ ਐਨ.ਡੀ.ਏ. ਸਰਕਾਰ ਹੋਵੇਗੀ। ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਨੇ ਪਹਿਲੀ ਵਾਰ 2016 ਵਿੱਚ ਸਰਬਾਨੰਦ ਸੋਨੋਵਾਲ ਦੀ ਅਗਵਾਈ ਵਿੱਚ ਸਰਕਾਰ ਬਣਾਈ ਸੀ।

(ਬਾਕੀ ਸਫਾ 11 'ਤੇ)

### ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਵੱਲੋਂ ਰਹਿਰਾਸ ਸਾਹਿਬ ਦਾ ਪਾਠ ਭੁੱਲਣ ਦੀ ਵੀਡੀਓ ਵਾਇਰਲ

ਅੰਮ੍ਰਿਤਸਰ, 10 ਮਈ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਦੀ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਭੁੱਲਣ ਦੀ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵਾਇਰਲ ਹੋ ਰਹੀ ਪੋਸਟ ਵਿੱਚ ਲਿਖਿਆ ਹੈ ਕਿ ਸੋਦਰੁ ਦੇ ਪਾਠ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਅਕਸਰ ਹੀ ਪਾਠ ਭੁੱਲ ਜਾਂਦੇ ਹਨ। ਖੈਰ ਹਰ ਬੰਦਾ ਭੁੱਲਣਹਾਰ ਹੈ, ਗਲਤੀ ਕਿਸੇ ਕੋਲੋਂ ਵੀ ਹੋ ਸਕਦੀ ਹੈ, ਪਰ ਜਿਸ ਸਿੱਧੇ ਪ੍ਰਸਾਰਣ ਨੂੰ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਵੇਖ ਸੁਣ ਰਹੀਆਂ ਹੁੰਦੀਆਂ ਹਨ, ਉੱਥੇ ਕਿਸੇ ਸਮੇਂ ਵੀ ਗਲਤੀ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਪਰ ਇਹ ਗ੍ਰੰਥੀ ਡੇਰਿਆਂ ਤੇ ਜਾ ਕੇ ਡੇਰਾ ਮੁੱਖੀਆਂ ਦੀ ਸਿਫ਼ਤ ਵੇਲੇ ਜਿਵੇਂ ਰਹਿਤ ਮਰਿਆਦਾ ਭੁੱਲ ਜਾਂਦੇ ਹਨ ਤੇ ਕਥਾ ਰਾਹੀ ਝੂਠੀਆਂ

(ਬਾਕੀ ਸਫਾ 11 'ਤੇ)

## ਸਕੂਲ ਸਿੱਖਿਆ 'ਚ ਪੰਜਾਬ ਨੇ ਕੇਰਲਾ ਨੂੰ ਪਛਾੜਿਆ

# ਨੀਤੀ ਆਯੋਗ ਦੀ ਰਿਪੋਰਟ ਵਿੱਚ ਦੇਸ਼ ਦੇ ਸਰਬੋਤਮ ਕਾਰਗੁਜ਼ਾਰੀ ਵਾਲੇ ਸੂਬੇ ਵਜੋਂ ਉਭਰਿਆ: ਬੈਂਸ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ : ਸਕੂਲੀ ਸਿੱਖਿਆ ਵਿੱਚ ਇਤਿਹਾਸਕ ਮੀਲ ਪੱਥਰ ਸਥਾਪਤ ਕਰਦਿਆਂ ਪੰਜਾਬ ਨੇ ਭਾਰਤ ਦੇ ਸਰਬੋਤਮ ਕਾਰਗੁਜ਼ਾਰੀ ਵਾਲੇ ਸੂਬੇ ਵਜੋਂ ਮਾਨਤਾ ਹਾਸਲ ਕੀਤੀ ਹੈ। ਨੀਤੀ ਆਯੋਗ ਸਿੱਖਿਆ ਗੁਣਵੱਤਾ ਰਿਪੋਰਟ 2026 ਵਿੱਚ ਪੰਜਾਬ ਨੇ ਸਕੂਲ ਸਿੱਖਿਆ ਦੇ ਅਹਿਮ ਬੁਨਿਆਦੀ ਸਿੱਖਿਆ ਮਾਪਦੰਡਾਂ ਵਿੱਚ ਭਾਰਤ ਦੀ ਲੰਬੇ ਸਮੇਂ ਤੋਂ ਅਗਵਾਈ ਕਰਨ ਵਾਲੇ ਕੇਰਲਾ ਨੂੰ ਪਛਾੜ ਦਿੱਤਾ ਹੈ।

ਪ੍ਰਣਾਲੀਗਤ ਸੁਧਾਰਾਂ ਅਤੇ ਜ਼ਮੀਨੀ ਪੱਧਰ 'ਤੇ ਸਮਰਪਣ ਰਾਹੀਂ ਹਾਸਲ ਕੀਤੀ ਇਸ ਪ੍ਰਾਪਤੀ ਨੂੰ 'ਪੰਜਾਬ ਦੇ ਦੌਰ' ਦੀ ਸ਼ੁਰੂਆਤ ਦੱਸਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ਇਹ ਸਨਮਾਨ ਹਰ ਉਸ ਮਾਤਾ-ਪਿਤਾ, ਵਿਦਿਆਰਥੀ



ਅਤੇ ਅਧਿਆਪਕ ਦਾ ਹੈ ਜਿਸ ਨੇ ਸਰਕਾਰੀ ਸਕੂਲਾਂ ਦਾ ਸਾਥ ਛੱਡਣ ਤੋਂ ਇਨਕਾਰ ਕਰ ਦਿੱਤਾ। ਇਹ ਇੱਕ ਦਿਨ ਵਿੱਚ ਹਾਸਲ ਕੀਤੀ ਉਪਲਬਧੀ ਨਹੀਂ ਹੈ ਬਲਕਿ ਇਹ ਬਿਹਤਰ ਨੀਤੀ, ਇਰਾਦੇ ਅਤੇ ਅਮਲ ਦਾ ਸੁਮੇਲ ਹੈ, ਜਿਸ ਨਾਲ ਬਿਹਤਰ ਨਤੀਜੇ ਸਾਹਮਣੇ ਆਏ ਹਨ।

ਨੀਤੀ ਆਯੋਗ ਦੀ ਰਿਪੋਰਟ ਸਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ, "ਪੰਜਾਬ ਨੇ ਤੀਜੀ ਜਮਾਤ ਵਿੱਚ ਭਾਸ਼ਾ 'ਚ 82 ਫ਼ੀਸਦ ਅਤੇ ਗਣਿਤ ਵਿੱਚ 78 ਫ਼ੀਸਦ ਅੰਕ ਹਾਸਲ ਕੀਤੇ, ਜੋ ਕੇਰਲਾ ਦੇ ਕ੍ਰਮਵਾਰ 75 ਫ਼ੀਸਦ ਅਤੇ 70 ਫ਼ੀਸਦ ਤੋਂ ਵੱਧ ਹਨ। 9ਵੀਂ ਜਮਾਤ ਦੇ ਗਣਿਤ ਵਿੱਚ ਪੰਜਾਬ ਨੇ 52 ਫ਼ੀਸਦ ਮੁਹਾਰਤ ਦਰਜ ਕੀਤੀ ਜੋ ਕਿ ਕੇਰਲਾ ਦੇ 45 ਫ਼ੀਸਦ ਨਾਲੋਂ ਜ਼ਿਆਦਾ ਹੈ।"

ਪੰਜਾਬ ਸਰਕਾਰ ਵੱਲੋਂ ਕੀਤੇ ਸੁਧਾਰਾਂ ਦੇ ਸਾਰਥਕ ਪ੍ਰਭਾਵਾਂ ਨੂੰ ਉਜਾਗਰ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਮਿਸ਼ਨ ਸਮਰੱਥ ਅਤੇ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਰਾਹੀਂ ਕੋਵਿਡ ਮਹਾਂਮਾਰੀ ਤੋਂ ਬਾਅਦ ਕੀਤੇ ਗਏ

(ਬਾਕੀ ਸਫਾ 11 'ਤੇ)

### ਉੱਚ-ਜ਼ੋਖਮ ਵਾਲੀਆਂ 60 ਝੀਲਾਂ ਤੇ ਰੱਖੀ ਜਾਵੇਗੀ ਨਜ਼ਰ: ਕੇਂਦਰ

ਨਵੀਂ ਦਿੱਲੀ, 10 ਮਈ (ਚੜ੍ਹਦੀਕਲਾ ਬਿਊਰੋ) : ਜਲਵਾਯੂ ਪਰਿਵਰਤਨ ਕਾਰਨ ਵਧ ਰਹੀਆਂ ਕੁਦਰਤੀ ਆਫ਼ਤਾਂ ਦੀਆਂ ਚਿੰਤਾਵਾਂ ਦੇ ਵਿਚਕਾਰ, ਕੇਂਦਰ ਨੇ ਐਤਵਾਰ ਨੂੰ ਅਧਿਕਾਰੀਆਂ ਨੂੰ ਹਿਮਾਲੀਅਨ ਖੇਤਰ ਵਿੱਚ ਘੱਟੋ-ਘੱਟ 60 ਉੱਚ-ਜੋਖਮ ਵਾਲੀਆਂ ਗਲੇਸ਼ੀਅਰ ਅਤੇ ਪਹਾੜੀ ਝੀਲਾਂ ਲਈ ਇੱਕ ਅਗੇਤੀ ਚੇਤਾਵਨੀ ਪ੍ਰਣਾਲੀ ਵਿਕਸਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਨਿਰਦੇਸ਼ ਉਸ ਸਮੇਂ ਦਿੱਤੇ ਗਏ ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੇਸ਼ ਵਿੱਚ ਹੜ੍ਹਾਂ ਅਤੇ ਲੂ (ਹੀਟਵੇਵ) ਨਾਲ ਨਜਿੱਠਣ ਦੀਆਂ ਤਿਆਰੀਆਂ ਨੂੰ ਲੈ ਕੇ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਪ੍ਰਸਤਾਵਿਤ ਪ੍ਰਣਾਲੀ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (ਐਨ.ਡੀ.ਐਮ.ਏ.) ਦੇ ਸਹਿਯੋਗ ਨਾਲ ਜੰਮੂ-ਕਸ਼ਮੀਰ, ਲੱਦਾਖ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਦੀਆਂ ਨਾਜ਼ੁਕ ਝੀਲਾਂ ਦੀ ਨਿਗਰਾਨੀ ਕਰੇਗੀ। ਇਹ ਕਦਮ

(ਬਾਕੀ ਸਫਾ 11 'ਤੇ)

# ਪੰਜਾਬ 'ਚ ਅੱਜ ਤੋਂ ਚੱਲਣਗੀਆਂ ਤੇਜ਼ ਹਵਾਵਾਂ

## ਓਰੈਂਜ ਅਲਰਟ ਜਾਰੀ, ਵੀਰਵਾਰ ਤੱਕ ਮੀਂਹ ਪੈਣ ਦੀ ਸੰਭਾਵਨਾ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ : ਉੱਤਰ-ਪੱਛਮੀ ਭਾਰਤ ਵਿੱਚ ਇਕ ਹੋਰ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ ਜਿਸ ਕਾਰਨ ਭਾਰਤੀ ਮੌਸਮ ਵਿਭਾਗ ਨੇ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਵਿੱਚ ਵੀਰਵਾਰ 14 ਮਈ ਤੱਕ ਤੇਜ਼



ਹਵਾਵਾਂ ਤੇ ਗਰਜ-ਚਮਕ ਨਾਲ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਹਵਾਵਾਂ ਦੀ ਰਫ਼ਤਾਰ ਲਗਭਗ 50 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਤੱਕ ਰਹਿਣ ਦਾ ਅਨੁਮਾਨ ਹੈ। ਮੌਸਮ ਦਾ ਸਭ ਤੋਂ ਵੱਧ ਅਸਰ ਸੋਮਵਾਰ ਨੂੰ ਦੇਖਣ ਨੂੰ ਮਿਲੇਗਾ ਜਿਸ ਲਈ ਪੂਰੇ ਖੇਤਰ ਵਿੱਚ ਓਰੈਂਜ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸ਼ੁੱਕਰਵਾਰ ਤੋਂ ਮੌਸਮ ਸਾਫ਼ ਹੋ ਜਾਵੇਗਾ ਅਤੇ ਆਉਣ ਵਾਲੇ ਹਫ਼ਤੇ ਦੇ ਅੰਤ ਵਿੱਚ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ ਇਹ ਤਬਦੀਲੀ ਵਾਯੂਮੰਡਲ ਵਿੱਚ ਬਣੀ ਪੱਛਮੀ ਗੜਬੜੀ ਅਤੇ ਰਾਜਸਥਾਨ ਦੇ ਇਲਾਕਿਆਂ ਉੱਤੇ ਬਣੇ ਚੱਕਰਵਾਤੀ ਹਵਾਵਾਂ ਕਾਰਨ ਹੋਈ ਹੈ। ਇਹ ਦੋਵੇਂ ਸਿਸਟਮ ਮੈਦਾਨੀ ਇਲਾਕਿਆਂ ਵਿੱਚ ਨਮੀ ਅਤੇ ਊਰਜਾ ਖਿੱਚ ਰਹੇ ਹਨ, ਜਿਸ ਨਾਲ ਪ੍ਰੀ-ਮੌਨਸੂਨ ਗਤੀਵਿਧੀਆਂ ਬਣ ਗਈਆਂ ਹਨ। ਐਤਵਾਰ ਨੂੰ ਪੰਜਾਬ ਵਿੱਚ ਪਹਿਲਾਂ ਹੀ ਓਰੈਂਜ ਅਲਰਟ ਰਿਹਾ, ਜਦਕਿ ਹਰਿਆਣਾ ਅਤੇ ਚੰਡੀਗੜ੍ਹ ਵਿੱਚ ਯੈਲੋ ਅਲਰਟ ਦਿੱਤਾ ਗਿਆ ਸੀ। ਸੋਮਵਾਰ (11 ਮਈ) ਨੂੰ ਮੌਸਮ ਵਿਚ ਬਦਲਾਅ ਹੋਵੇਗਾ ਜਿਸ ਲਈ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ, ਦਰੱਖਤਾਂ ਹੇਠਾਂ ਨਾ ਖੜ੍ਹਨ ਅਤੇ ਕਿਸਾਨਾਂ ਨੂੰ ਖੇਤਾਂ ਵਿੱਚ ਕੰਮ ਰੋਕਣ ਦੀ ਚਿਤਾਵਨੀ ਦਿੱਤੀ ਗਈ ਹੈ। ਮੰਗਲਵਾਰ ਤੋਂ ਵੀਰਵਾਰ ਤੱਕ ਮੌਸਮ ਦੀ ਤੀਬਰਤਾ ਕੁਝ ਘਟ ਜਾਵੇਗੀ। ਟਰਾਈਸਿਟੀ (ਚੰਡੀਗੜ੍ਹ, ਮੁਹਾਲੀ, ਪੰਚਕੂਲਾ) ਲਈ ਮੌਸਮ ਦੀ ਭਵਿੱਖਬਾਣੀ ਅਨੁਸਾਰ ਸੋਮਵਾਰ ਅਤੇ ਮੰਗਲਵਾਰ ਨੂੰ ਬੱਦਲਵਾਈ ਦੇ ਨਾਲ ਮੀਂਹ ਅਤੇ ਤੇਜ਼ ਹਵਾਵਾਂ ਚੱਲਣਗੀਆਂ। ਇਸ ਦੌਰਾਨ ਵੱਧ ਤੋਂ ਵੱਧ ਤਾਪਮਾਨ ਲਗਭਗ 35 ਤੋਂ 36 ਡਿਗਰੀ ਸੈਲਸੀਅਸ ਦੇ ਦਰਮਿਆਨ ਰਹੇਗਾ। ਹਾਲਾਂਕਿ, ਜਿਵੇਂ ਹੀ ਇਹ ਸਿਸਟਮ ਵੀਰਵਾਰ ਤੋਂ ਬਾਅਦ ਅੱਗੇ ਵਧੇਗਾ, ਸ਼ੁੱਕਰਵਾਰ ਨੂੰ ਪਾਰਾ ਤੇਜ਼ੀ ਨਾਲ ਉੱਪਰ ਚੜ੍ਹੇਗਾ ਅਤੇ ਤਾਪਮਾਨ ਲਗਭਗ 39 ਡਿਗਰੀ

(ਬਾਕੀ ਸਫਾ 11 'ਤੇ)

## ਈਰਾਨ ਵੱਲੋਂ ਅਮਰੀਕਾ ਨੂੰ ਚਿਤਾਵਨੀ

# ਜੇ ਈਰਾਨੀ ਤੇਲ ਟੈਂਕਰਾਂ 'ਤੇ ਹਮਲਾ ਹੋਇਆ ਤਾਂ ਅਮਰੀਕੀ ਟਿਕਾਣਿਆਂ ਉੱਤੇ ਕਰਾਂਗੇ ਵੱਡਾ ਹਮਲਾ



**ਚੜ੍ਹਦੀਕਲਾ ਬਿਊਰੋ**

================

ਤੇਲਅਵੀਵ, 10 ਮਈ : ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੇ ਅਮਰੀਕਾ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ।ਆਈ.ਆਰ.ਜੀ.ਸੀ. ਦੀ ਨੇਵਲ ਕਮਾਂਡ ਨੇ ਇੰਸਟਾਗ੍ਰਾਮ 'ਤੇ ਪੋਸਟ ਕੀਤਾ ਹੈ ਕਿ ਜੇਕਰ ਈਰਾਨੀ ਤੇਲ ਟੈਂਕਰਾਂ ਅਤੇ ਵਪਾਰਕ ਜਹਾਜ਼ਾਂ 'ਤੇ ਫਾਰਸ ਦੀ ਖਾੜੀ ਜਾਂ ਹੋਰਮੁਜ਼ ਦੀ ਜਲਡਮਰੂ ਮੱਧ ਵਿੱਚ ਦੁਬਾਰਾ ਹਮਲਾ ਕੀਤਾ ਜਾਂਦਾ ਹੈ, ਤਾਂ ਅਮਰੀਕੀ ਠਿਕਾਣਿਆਂ ਅਤੇ ਫੌਜੀ ਜਹਾਜ਼ਾਂ ਤੇ ਇੱਕ ਵੱਡਾ ਹਮਲਾ ਕੀਤਾ ਜਾਵੇਗਾ। ਇਸ ਤੋਂ ਬਾਅਦ,ਆਈ.ਆਰ.ਜੀ.ਸੀ. ਦੀ ਏਰੋਸਪੇਸ ਫੋਰਸ ਨੇ ਇੱਕ ਵੱਖਰੀ ਪੋਸਟ ਵਿੱਚ ਦਾਅਵਾ ਕੀਤਾ ਕਿ ਉਸ ਦੀਆਂ ਮਿਜ਼ਾਈਲਾਂ ਅਤੇ ਡਰੋਨ ਪਹਿਲਾਂ ਹੀ ਅਮਰੀਕੀ ਠਿਕਾਣਿਆਂ ਅਤੇ ਦੁਸ਼ਮਣ ਜਹਾਜ਼ਾਂ 'ਤੇ ਬੰਦ ਹੋ ਗਏ ਹਨ ਅਤੇ ਹੁਣ ਸਿਰਫ ਹਮਲਾ ਕਰਨ ਦੇ ਹੁਕਮ ਦੀ ਉਡੀਕ ਕਰ ਰਹੇ ਹਨ। ਇਸ ਦੌਰਾਨ ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਦੇ ਅਨੁਸਾਰ ਅਮਰੀਕਾ ਨੇ 14-ਪੁਆਇੰਟ ਡਰਾਫਟ ਤਿਆਰ ਕੀਤਾ ਹੈ, ਜਿਸ ਦੇ ਜਵਾਬ ਵਿੱਚ

(ਬਾਕੀ ਸਫਾ 11 'ਤੇ)

# ਬਾਜ਼ਾਰ ਤੇ ਡਿਜ਼ੀਟਲ ਰੀਲਾਂ 'ਚ ਉਲਝਿਆ ਮਦਰਜ਼ ਡੇਅ

*ਅੱਜ ਨਵੀਂ ਪੀੜ੍ਹੀ ਕੋਲ ਨਹੀਂ ਹੈ ਸਮਾਂ ਮਾਂ ਪਿਆਰ ਲਈ*

*ਮਾਰਕੀਟਿੰਗ ਕੰਪਨੀਆਂ ਨੇ ਗਿਫ਼ਟ ਖ਼ਰੀਦੋ ਫਰੋਖ਼ਤ ਵਿੱਚ ਆਨਲਾਈਨ ਵਪਾਰ ਦੇ ਰਿਕਾਰਡ ਤੋੜੇ*

*ਮਾਂ ਦੀ ਮਮਤਾ ਦੀ ਮਹਿਮਾ, ਹਿੰਮਤ ਦਾ ਪ੍ਰਤੀਕ ਅਤੇ ਜੰਨਤ ਦਾ ਦਰਵਾਜ਼ਾ ਹੈ*

**ਪ੍ਰੋ ਡਾ ਕ੍ਰਿਸ਼ਨ ਕੁਮਾਰ ਰੱਤੂ**
**ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**

ਕੱਲ੍ਹ ਮਦਰਜ਼ ਡੇ ਅਰਥਾਤ ਮਾਂ ਦਾ ਦਿਨ ਸੀ ਪਰੰਤੂ ਇਸ ਵਾਰੀ ਡਿਜ਼ੀਟਲ ਮੀਡੀਆ 'ਤੇ ਆਨਲਾਈਨ ਖਰੀਦੋ ਫਰੋਖਤ ਤੇ ਗਿਫ਼ਟ ਪ੍ਰਣਾਲੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਤੇ ਮਾਂ ਦੀ ਮਮਤਾ ਬਾਜ਼ਾਰ ਅਤੇ ਡਿਜ਼ੀਟਲ ਮੀਡੀਆ ਦੀ ਭੇਂਟ ਚੜ ਗਈ ।

ਅੱਜ ਇਸ ਬਾਰੇ ਵਿਸ਼ਵ ਪ੍ਰਸਿੱਧ ਏਜੰਸੀਆਂ ਵੱਲੋਂ ਕੀਤੇ ਗਏ ਸਰਵੇ ਅਨੁਸਾਰ ਇਸ ਵਾਰ ਡਿਜ਼ੀਟਲ ਗਿਫ਼ਟ ਦਾ ਆਦਾਨ ਪ੍ਰਦਾਨ ਆਨਲਾਈਨ ਸਭ ਤੋਂ ਉੱਪਰ ਰਿਹਾ ਕਿਉਂਕਿ ਨਵੀਂ ਜਿੰਦਗੀ ਦੇ ਵਿੱਚ ਬੱਚਿਆਂ ਕੋਲ ਆਪਣੀ ਮਾਂ ਵਾਸਤੇ ਉਹ ਸਮਾਂ ਨਹੀਂ ਹੈ ਕਿ ਉਹ ਦੇਸ਼ਾਂ ਵਿਦੇਸ਼ਾਂ ਚੋਂ ਜਾਂ ਲੰਬੀ ਦੂਰੀ ਦੇ ਸਫ਼ਰ ਕਰਕੇ ਆਪਣੀ ਮਾਂ ਕੋਲ ਪਹੁੰਚ ਸਕਣ। ਹੁਣ ਇਹ ਬਦਲਦੀ ਹੋਈ ਜੀਵਨ ਪ੍ਰਣਾਲੀ ਤੇ ਜ਼ਿੰਦਗੀ ਦਾ ਸੱਚ ਹੈ ਇਸ ਮੌਕੇ 'ਤੇ ਦਿਲ ਵਿਚ ਇੱਕ ਅਜਿਹੀ ਭਾਵੁਕ ਲਹਿਰ ਉੱਠਦੀ ਹੈ ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ।

ਮਾਂ — ਇਸ ਇੱਕੋ ਸ਼ਬਦ ਵਿਚ ਉਹ ਸਾਰਾ ਪਿਆਰ ਸਮਾਇਆ



ਹੋਇਆ ਹੈ ਜੋ ਇਸ ਦੁਨੀਆ ਵਿਚ ਕਿਤੇ ਹੋਰ ਨਹੀਂ ਮਿਲਦਾ। ਉਸ ਦੀ ਮਮਤਾ ਇੱਕ ਅਜਿਹੀ ਨਦੀ ਹੈ ਜੋ ਰੁਕਦੀ ਨਹੀਂ, ਉਸ ਦੀ ਹਿੰਮਤ ਉਸ ਪਹਾੜ ਵਾਂਗ ਹੈ ਜੋ ਤੂਫਾਨਾਂ ਨੂੰ ਵੀ ਝੱਲ ਲੈਂਦਾ ਹੈ ਅਤੇ ਉਸ ਦਾ ਪਿਆਰ ਉਸ ਜੰਨਤ ਵਾਂਗ ਹੈ ਜਿਸ ਵਿਚ ਬੈਠ ਕੇ ਇਨਸਾਨ ਆਪਣੀਆਂ ਸਾਰੀਆਂ ਤਕਲੀਫ਼ਾਂ ਭੁੱਲ ਜਾਂਦਾ ਹੈ। ਮਾਂ ਹੀ ਜੰਨਤ ਹੈ।

ਮਦਰਜ਼ ਡੇ ਦਾ ਇਤਿਹਾਸ ਵਿੱਚ ਆਧੁਨਿਕ ਮਾਂ ਦਿਵਸ ਦੀ ਸ਼ੁਰੂਆਤ ਅਮਰੀਕਾ ਵਿਚ ਹੋਈ। ਇਸ ਦਾ ਸਿਹਰਾ ਇੱਕ ਭਾਵੁਕ ਔਰਤ ਅੰਨਾ ਜਾਰਵਿਸ ਨੂੰ ਜਾਂਦਾ ਹੈ। ਉਸ ਨੇ ਆਪਣੀ ਮਾਂ ਐਨ ਰੀਵਜ਼ ਜਾਰਵਿਸ ਦੀ ਯਾਦ ਵਿਚ 1908 ਵਿਚ ਇਸ ਦਿਵਸ ਦੀ ਸ਼ੁਰੂਆਤ ਕੀਤੀ। ਉਸ ਦੀ ਮਾਂ ਇੱਕ ਸਮਾਜ ਸੇਵਿਕਾ ਸੀ ਜਿਸ ਨੇ ਆਪਣੀ ਜ਼ਿੰਦਗੀ ਲੋਕਾਂ ਦੀ ਭਲਾਈ ਲਈ ਬਿਤਾਈ। 1914 ਵਿਚ ਅਮਰੀਕੀ ਰਾਸ਼ਟਰਪਤੀ ਵੂੱਡਰੋ ਵਿਲਸਨ ਨੇ ਇਸ ਨੂੰ ਰਾਸ਼ਟਰੀ ਤਿਉਹਾਰ ਘੋਸ਼ਿਤ ਕੀਤਾ।

ਅੱਜ ਇਹ ਦਿਵਸ ਦੁਨੀਆ ਭਰ ਵਿਚ ਮਨਾਇਆ ਜਾਣ ਲੱਗਾ। ਭਾਰਤ ਵਿਚ ਵੀ ਇਸ ਨੂੰ ਭਰਪੂਰ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।ਪਰ ਇਸ ਦਿਵਸ ਦੀ ਅਸਲੀ ਰੂਹ ਇਤਿਹਾਸ ਵਿਚ ਨਹੀਂ, ਬਲਕਿ ਹਰ ਘਰ ਵਿਚ ਰਹਿਣ ਵਾਲੀ ਉਸ ਮਾਂ ਵਿਚ ਹੈ ਜੋ ਬਿਨਾਂ ਕਿਸੇ ਲਾਲਚ ਤੋਂ ਪਿਆਰ ਕਰਦੀ ਹੈ। ਉਹ ਉਹੀ ਹੈ ਜੋ ਰਾਤ ਦੇ ਅੰਧੇਰੇ ਵਿਚ ਰੋਂਦੇ ਬੱਚੇ ਦੇ ਮੱਥੇ 'ਤੇ ਹੱਥ ਫੇਰਦੀ ਹੈ। ਉਸ ਨੇ ਆਪਣੀ ਨੀਂਦ ਤਿਆਗ ਕੇ ਤੁਹਾਨੂੰ ਸੁਲਾਇਆ, ਆਪਣੀ ਭੁੱਖ ਭੁੱਲ ਕੇ ਤੁਹਾਨੂੰ ਖਿਲਾਇਆ ਅਤੇ ਆਪਣੀਆਂ ਇੱਛਾਵਾਂ ਕੁਰਬਾਨ ਕਰ ਕੇ ਤੁਹਾਡੇ ਸੁਪਨੇ ਪੂਰੇ ਕੀਤੇ। ਉਸ ਦੀਆਂ ਅੱਖਾਂ ਵਿਚ ਤੁਹਾਡੀਆਂ ਖੁਸ਼ੀਆਂ ਲਈ ਚਮਕ ਅਤੇ ਤੁਹਾਡੀਆਂ ਤਕਲੀਫਾਂ ਲਈ ਨਮੀ ਹਮੇਸ਼ਾ ਰਹਿੰਦੀ ਹੈ। ਉਰਦੂ ਸ਼ਾਇਰੀ ਵਿਚ ਮਾਂ ਲਈ ਲਿਖੀਆਂ ਲਾਈਨਾਂ ਦਿਲ ਨੂੰ ਛੂ ਲੈਂਦੀਆਂ ਹਨ। ਇੱਕ ਸ਼ਾਇਰ ਫ਼ਰਮਾਉਂਦਾ ਹੈ:ਮਾਂ ਤੇਰੀ ਦੁਆਓ ਕਾ ਅਸਰ ਹੈ ਯਹੀ,

ਜਿੰਦਗੀ ਕੀ ਹਰ ਖੁਸ਼ੀ ਤੇਰੇ ਚਰਨੋਂ ਸੇ ਮਿਲੀ।

(ਬਾਕੀ ਸਫਾ 11 'ਤੇ)

# ਮੁੱਖ ਮੰਤਰੀ ਭਗਵੰਤ ਮਾਨ ਨੇ ਮਾਂ ਦਿਵਸ ਦੀਆਂ ਦਿੱਤੀਆਂ ਵਧਾਈਆਂ

## ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਸਾਂਝੀ ਕੀਤੀ ਤਸਵੀਰ




**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ : ਪੂਰੇ ਦੇਸ਼ 'ਚ ਅੱਜ ਮਾਂ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੀਆਂ ਮਾਵਾਂ ਨੂੰ ਮਾਂ ਦਿਵਸ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਪੋਸਟ ਸਾਂਝੀ ਕਰਕੇ ਲਿਖਿਆ ਕਿ ਕਿਹਾ,'ਮਾਂ ਦਾ ਪਿਆਰ ਤੇ ਅਸੀਸਾਂ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਹਨ। ਇਸ ਖਾਸ ਮੌਕੇ 'ਤੇ ਮੁੱਖ ਮੰਤਰੀ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਤਸਵੀਰ ਸਾਂਝੀ ਕੀਤੀ। ਡਾ. ਗੁਰਪ੍ਰੀਤ ਕੌਰ ਮਾਨ ਨੇ ਮਾਂ ਦਿਵਸ ਮੌਕੇ ਤਸਵੀਰ ਸਾਂਝੀ ਕਰਕੇ ਲਿਖਿਆ 'ਮਾਂ' ਸਿਦਕ, ਸਬਰ, ਸ਼ੁਕਰ ਤੇ ਹਲੀਮੀ ਦਾ ਨਾਮ। ਮਾਂ ਦਿਵਸ ਦੀਆਂ ਦੁਨੀਆਂ ਭਰ -ਚ ਵੱਸਦੀਆਂ ਮਾਵਾਂ ਨੂੰ ਮੁਬਾਰਕਾਂ। ਪਰਮਾਤਮਾ ਸਭ ਨੂੰ ਤੰਦਰੁਸਤੀਆਂ ਤੇ ਚੜ੍ਹਦੀਕਲਾ ਬਖ਼ਸ਼ਣ।

## ਸੰਪਾਦਕੀ

# ਕੇਂਦਰੀ ਏਜੰਸੀਆਂ ਸੱਤਾਧਾਰੀ ਦਲਾਂ ਦਾ ਬਣੀਆਂ ਹਥਿਆਰ

ਲੋਕਤੰਤਰ ਵਿੱਚ ਕੇਂਦਰੀ ਜਾਂਚ ਏਜੰਸੀਆਂ ਜਿਵੇਂ ਕਿ ਸੀਬੀਆਈ (ਕੇਂਦਰੀ ਜਾਂਚ ਬਿਊਰੋ), ਈਡੀ (ਪ੍ਰਵਰਤਨ ਨਿਰਦੇਸ਼ਾਲਿਆ) ਅਤੇ ਆਈਟੀ (ਆਮਦਨ ਕਰ ਵਿਭਾਗ) ਨਿਰਪੱਖਤਾ, ਕਾਨੂੰਨ ਦੀ ਉੱਚਤਾ ਅਤੇ ਨਿਆਂ ਦੀ ਰਾਖੀ ਲਈ ਸਥਾਪਿਤ ਕੀਤੀਆਂ ਗਈਆਂ ਹਨ। ਪਰ ਜਦੋਂ ਇਹ ਸੰਸਥਾਵਾਂ ਸੱਤਾਧਾਰੀ ਦਲਾਂ ਦੇ ਰਾਜਨੀਤਿਕ ਹਥਿਆਰ ਬਣ ਜਾਂਦੀਆਂ ਹਨ, ਤਾਂ ਇਹ ਲੋਕਤੰਤਰ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੰਦੀਆਂ ਹਨ। ਇਹ ਸਮੱਸਿਆ ਅੱਜ ਦੇ ਭਾਰਤ ਵਿੱਚ ਇੱਕ ਗੰਭੀਰ ਬਹਿਸ ਦਾ ਵਿਸ਼ਾ ਬਣੀ ਹੋਈ ਹੈ। ਕੇਂਦਰੀ ਜਾਂਚ ਏਜੰਸੀਆਂ ਦੀ ਰਾਜਨੀਤਿਕ ਦੁਰਵਰਤੋਂ ਦਾ ਮਤਲਬ ਹੈ — ਵਿਰੋਧੀ ਧਿਰ ਦੇ ਨੇਤਾਵਾਂ, ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਜਾਂ ਸਰਕਾਰ ਦੀ ਆਲੋਚਨਾ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਜਾਂਚ ਏਜੰਸੀਆਂ ਦਾ ਇਸਤੇਮਾਲ ਕਰਕੇ ਉਨ੍ਹਾਂ ਨੂੰ ਡਰਾਉਣਾ, ਧਮਕਾਉਣਾ ਜਾਂ ਨਿਆਂਇਕ ਜਾਲ ਵਿੱਚ ਫਸਾਉਣਾ। ਇਸ ਵਿੱਚ ਛਾਪੇਮਾਰੀਆਂ, ਗ੍ਰਿਫ਼ਤਾਰੀਆਂ ਅਤੇ ਜਾਂਚਾਂ ਸ਼ਾਮਲ ਹੁੰਦੀਆਂ ਹਨ ਜੋ ਅਕਸਰ ਚੋਣਾਂ ਤੋਂ ਪਹਿਲਾਂ ਤੇਜ਼ ਹੋ ਜਾਂਦੀਆਂ ਹਨ। ਭਾਰਤ ਵਿੱਚ ਇਹ ਸਮੱਸਿਆ ਕੋਈ ਨਵੀਂ ਨਹੀਂ ਹੈ। ਸੁਪਰੀਮ ਕੋਰਟ ਨੇ 1997 ਵਿੱਚ ਵਿਨੀਤ ਨਰਾਇਣ ਬਨਾਮ ਭਾਰਤ ਸਰਕਾਰ ਮਾਮਲੇ ਵਿੱਚ ਸੀਬੀਆਈ ਨੂੰ 'ਪਿੰਜਰੇ ਦਾ ਤੋਤਾ' ਕਿਹਾ ਸੀ। ਹਰ ਸਰਕਾਰ ਦੇ ਦੌਰ ਵਿੱਚ ਵਿਰੋਧੀ ਧਿਰ ਦੇ ਨੇਤਾਵਾਂ ਵਿਰੁੱਧ ਜਾਂਚਾਂ ਦੀ ਗਿਣਤੀ ਵੱਧਦੀ ਰਹੀ ਹੈ। ਕਾਂਗਰਸ ਅਤੇ ਭਾਜਪਾ ਦੋਵਾਂ ਦੇ ਸ਼ਾਸਨਕਾਲ ਵਿੱਚ ਇਹ ਦੋਸ਼ ਲੱਗਦੇ ਰਹੇ ਹਨ, ਜੋ ਦਰਸਾਉਂਦਾ ਹੈ ਕਿ ਇਹ ਕਿਸੇ ਇੱਕ ਪਾਰਟੀ ਦੀ ਸਮੱਸਿਆ ਨਹੀਂ ਬਲਕਿ ਪ੍ਰਣਾਲੀਗਤ ਖਾਮੀ ਹੈ। ਜਦੋਂ ਜਾਂਚ ਏਜੰਸੀਆਂ ਰਾਜਨੀਤਿਕ ਦਬਾਅ ਹੇਠ ਕੰਮ ਕਰਦੀਆਂ ਹਨ, ਤਾਂ ਇਸ ਦੇ ਕਈ ਮਾੜੇ ਨਤੀਜੇ ਨਿਕਲਦੇ ਹਨ। ਪਹਿਲਾਂ, ਵਿਰੋਧੀ ਧਿਰ ਦੀ ਆਵਾਜ਼ ਦੱਬੀ ਜਾਂਦੀ ਹੈ ਅਤੇ ਸੰਸਦੀ ਲੋਕਤੰਤਰ ਕਮਜ਼ੋਰ ਪੈਂਦਾ ਹੈ। ਦੂਜਾ, ਪ੍ਰੈੱਸ ਦੀ ਆਜ਼ਾਦੀ ਖ਼ਤਰੇ ਵਿੱਚ ਪੈਂਦੀ ਹੈ, ਕਿਉਂਕਿ ਪੱਤਰਕਾਰ ਅਤੇ ਸੰਪਾਦਕ ਡਰਦੇ ਹਨ। ਤੀਜਾ, ਆਮ ਨਾਗਰਿਕ ਦਾ ਭਰੋਸਾ ਕਾਨੂੰਨੀ ਸੰਸਥਾਵਾਂ ਤੋਂ ਉੱਠ ਜਾਂਦਾ ਹੈ। ਇਸ ਤਰ੍ਹਾਂ ਲੋਕਤੰਤਰ ਬਾਹਰੋਂ ਤਾਂ ਜ਼ਿੰਦਾ ਰਹਿੰਦਾ ਹੈ, ਪਰ ਅੰਦਰੋਂ ਖੋਖਲਾ ਹੋ ਜਾਂਦਾ ਹੈ। ਇਹ ਸਮੱਸਿਆ ਸਿਰਫ਼ ਭਾਰਤ ਵਿੱਚ ਹੀ ਨਹੀਂ ਹੈ। ਤੁਰਕੀ, ਹੰਗਰੀ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਵਿੱਚ ਵੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਲੋਕਤੰਤਰ ਨੂੰ ਕਮਜ਼ੋਰ ਕਰਨ ਦਾ ਸਾਧਨ ਬਣ ਗਈ ਹੈ। ਇੱਥੋਂ ਤੱਕ ਕਿ ਅਮਰੀਕਾ ਵਰਗੇ ਵਿਕਸਤ ਲੋਕਤੰਤਰਾਂ ਵਿੱਚ ਵੀ ਐੱਫ.ਬੀ.ਆਈ. ਦੀ ਸੁਤੰਤਰਤਾ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ, ਜੋ ਦਰਸਾਉਂਦਾ ਹੈ ਕਿ ਸੰਸਥਾਈ ਸੁਤੰਤਰਤਾ ਦੀ ਰਾਖੀ ਕਿੰਨੀ ਜ਼ਰੂਰੀ ਹੈ। ਇਸ ਸਮੱਸਿਆ ਦੇ ਹੱਲ ਲਈ ਕਈ ਕਦਮ ਜ਼ਰੂਰੀ ਹਨ। ਜਾਂਚ ਏਜੰਸੀਆਂ ਦੇ ਮੁਖੀਆਂ ਦੀ ਨਿਯੁਕਤੀ ਅਤੇ ਹਟਾਉਣਾ ਸੰਸਦੀ ਕਮੇਟੀਆਂ ਦੀ ਸਲਾਹ ਨਾਲ ਹੋਣਾ ਚਾਹੀਦਾ ਹੈ। ਵਿੱਤੀ ਖੁਦਮੁਖਤਿਆਰੀ ਯਕੀਨੀ ਬਣਾਈ ਜਾਵੇ ਤਾਂ ਕਿ ਬਜਟ ਕਟੌਤੀ ਦਾ ਡਰ ਨਾ ਰਹੇ। ਜਾਂਚ ਦੇ ਸ਼ੁਰੂ ਤੋਂ ਲੈ ਕੇ ਨਿਪਟਾਰੇ ਤੱਕ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਸੁਤੰਤਰ ਨਿਗਰਾਨੀ ਬੋਰਡ ਬਣਾਇਆ ਜਾਵੇ। ਲੋਕਤੰਤਰ ਦੀ ਰਾਖੀ ਸਿਰਫ਼ ਸੰਸਥਾਵਾਂ ਦਾ ਕੰਮ ਨਹੀਂ। ਜਾਗਰੂਕ ਨਾਗਰਿਕ, ਸੁਤੰਤਰ ਮੀਡੀਆ, ਸਿਵਲ ਸੋਸਾਇਟੀ ਅਤੇ ਨਿਆਂਪਾਲਿਕਾ — ਇਹ ਸਾਰੇ ਮਿਲ ਕੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਨੂੰ ਰੋਕ ਸਕਦੇ ਹਨ। ਜਦੋਂ ਨਾਗਰਿਕ ਸਵਾਲ ਪੁੱਛਣਾ ਬੰਦ ਕਰ ਦਿੰਦੇ ਹਨ, ਤਾਂ ਤਾਕਤ ਦੁਰਵਰਤੋਂ ਦਾ ਰਾਹ ਖੁੱਲ੍ਹ ਜਾਂਦਾ ਹੈ। ਕੇਂਦਰੀ ਜਾਂਚ ਏਜੰਸੀਆਂ ਲੋਕਤੰਤਰ ਦੀ ਰਾਖੀ ਲਈ ਜ਼ਰੂਰੀ ਹਨ, ਪਰ ਜਦੋਂ ਇਹੀ ਏਜੰਸੀਆਂ ਰਾਜਨੀਤਿਕ ਮੰਤਵਾਂ ਲਈ ਵਰਤੀਆਂ ਜਾਣ, ਤਾਂ ਇਹ ਉਸੇ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਬਣ ਜਾਂਦੀਆਂ ਹਨ। ਸੰਸਥਾਈ ਸੁਤੰਤਰਤਾ, ਸੰਵਿਧਾਨਕ ਸੁਧਾਰ ਅਤੇ ਨਾਗਰਿਕ ਚੇਤਨਾ ਹੀ ਇਸ ਚੁਣੌਤੀ ਦਾ ਸਥਾਈ ਹੱਲ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਜਾਂਚ ਏਜੰਸੀਆਂ ਦੀ ਨਿਰਪੱਖਤਾ ਨੂੰ ਕਾਇਮ ਰੱਖਣਾ ਹੀ ਸੱਚੇ ਲੋਕਤੰਤਰ ਦੀ ਕਸੌਟੀ ਹੈ।

-ਜਗਜੀਤ ਸਿੰਘ ਦਰਦੀ

## ਹੁਣ ਕਿਸ ਦੀ ਤਲਾਸ਼ ਵਿੱਚ ਹੈ ਪੰਜਾਬ ?

# ਨਿਰਾਸ਼ਾ, ਨਸ਼ੇ, ਨਕਲੀ ਆਈਕਾਨ ਅਤੇ ਟੁੱਟਦੇ ਵਿਸ਼ਵਾਸ ਦੇ ਦਰਮਿਆਨ ਇੱਕ ਨਵੇਂ ਲੋਕ ਨਾਇਕ ਦੀ ਖੋਜ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦੁਵਿਧਾ ਵਿੱਚ ਹੈ। ਅੱਜ ਪੰਜਾਬ ਨੇ ਆਪਣੇ ਅਸਲੀ ਨਾਇਕ ਭੁਲਾ ਦਿੱਤੇ ਹਨ। ਅੱਜ ਪੰਜਾਬ ਇਸ ਵੇਲੇ ਸਿਰਫ਼ ਇੱਕ ਰਾਜ ਨਹੀਂ, ਸਗੋਂ ਇੱਕ ਡੂੰਘੇ ਮਨੋਵਿਗਿਆਨਕ, ਸੱਭਿਆਚਾਰਕ ਅਤੇ ਰਾਜਨੀਤਿਕ ਸੰਕਟ ਦਾ ਨਾਮ ਬਣ ਚੁੱਕਾ ਹੈ। ਇਹ ਉਹ ਧਰਤੀ ਹੈ, ਜਿਸਨੇ ਕਦੇ ਸੰਸਾਰ ਨੂੰ ਮਿਹਨਤ, ਬਹਾਦਰੀ, ਇਨਕਲਾਬ, ਸੰਗੀਤ, ਸਾਹਿਤ ਅਤੇ ਮਨੁੱਖਤਾ ਦੀ ਸਭ ਤੋਂ ਉੱਚੀ ਮਿਸਾਲ ਦਿੱਤੀ ਸੀ। ਪਰ ਅੱਜ ਉਹੀ ਪੰਜਾਬ ਆਪਣੇ ਹੀ ਅੰਦਰੋਂ ਟੁੱਟਦਾ ਹੋਇਆ ਦਿਖਾਈ ਦਿੰਦਾ ਹੈ।

ਅੱਜ ਲੋਕਾਂ ਦੇ ਚਿਹਰਿਆਂ ਉੱਤੇ ਨਿਰਾਸ਼ਾ ਹੈ, ਨੌਜਵਾਨਾਂ ਦੀਆਂ ਅੱਖਾਂ ਵਿੱਚ ਬੇਰੁਖ਼ੀ ਹੈ, ਪਿੰਡਾਂ ਵਿੱਚ ਸੁੰਨਾਪਾ ਹੈ, ਸ਼ਹਿਰਾਂ ਵਿੱਚ ਅਸੁਰੱਖਿਆ ਹੈ ਅਤੇ ਰਾਜਨੀਤੀ ਵਿੱਚ ਵਿਸ਼ਵਾਸ ਦੀ ਮੌਤ ਹੋ ਚੁੱਕੀ ਹੈ। ਅੱਜ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਕੇਵਲ ਆਰਥਿਕ ਜਾਂ ਪ੍ਰਸ਼ਾਸਨਿਕ ਨਹੀਂ, ਸਗੋਂ ਆਈਕਾਨਾਂ ਦਾ ਸੰਕਟ ਹੈ।

ਕੌਣ ਹੈ ਜਿਸਨੂੰ ਪੰਜਾਬ ਆਪਣਾ ਰਾਹ ਦਿਖਾਉਣ ਵਾਲਾ ਮੰਨੇ ?

ਕੌਣ ਹੈ ਜਿਸਦੇ ਪਿੱਛੇ ਪੰਜਾਬ ਦਾ ਨੌਜਵਾਨ ਖੜ੍ਹਾ ਹੋਵੇ ?

ਕੌਣ ਹੈ ਜਿਸਦੀ ਜ਼ਿੰਦਗੀ ਵਿੱਚ ਸੱਚਾਈ, ਬੁੱਧੀ, ਸੰਵੇਦਨਾ ਅਤੇ ਕੁਰਬਾਨੀ ਹੋਵੇ ?

ਅੱਜ ਇਹੀ ਕਾਰਨ ਹੈ ਕਿ ਪੰਜਾਬ ਅੱਜ ਇੱਕ ਨਵੇਂ ਲੋਕ ਨਾਇਕ ਦੀ ਤਲਾਸ਼ ਵਿੱਚ ਭਟਕ ਰਿਹਾ ਹੈ। ਅੱਜ ਰਾਜਨੀਤਿਕ ਪਾਰਟੀਆਂ ਦੀ ਭਰੋਸੇਯੋਗਤਾ ਦਾ ਪਤਨ ਹੋ ਰਿਹਾ ਹੈ। ਅੱਜ ਪੰਜਾਬ ਵਿੱਚ ਲੋਕਾਂ ਦਾ ਰਾਜਨੀਤਿਕ ਪਾਰਟੀਆਂ ਤੋਂ ਵਿਸ਼ਵਾਸ ਲਗਭਗ ਖਤਮ ਹੋ ਚੁੱਕਾ ਹੈ।

ਕਾਂਗਰਸ ਨੇ ਦਹਾਕਿਆਂ ਤੱਕ ਪੰਜਾਬ ਨੂੰ ਪਰਿਵਾਰਵਾਦ ਅਤੇ ਧੜੇਬੰਦੀ ਵਿੱਚ ਫਸਾ ਕੇ ਰੱਖਿਆ। ਅਕਾਲੀ ਦਲ ਨੇ ਪੰਥਕ ਰਾਜਨੀਤੀ ਨੂੰ ਹੌਲੀ-ਹੌਲੀ ਪਰਿਵਾਰਕ ਕਾਰੋਬਾਰ ਵਿੱਚ ਬਦਲ ਦਿੱਤਾ ਅਤੇ ਆਮ ਆਦਮੀ ਪਾਰਟੀ ਬਦਲਾਅ ਦੇ ਵਾਅਦੇ ਨਾਲ ਆਈ ਸੀ, ਪਰ ਲੋਕਾਂ ਨੂੰ ਲੱਗਦਾ ਹੈ ਕਿ ਪ੍ਰਚਾਰ ਅਤੇ ਹਕੀਕਤ ਵਿੱਚ ਡੂੰਘਾ ਫਰਕ ਹੈ। ਭਾਜਪਾ ਅਜੇ ਵੀ ਪੰਜਾਬ ਦੀ ਮਨੋਵਿਗਿਆਨਕ ਧੜਕਣ ਨੂੰ ਸਮਝਣ ਵਿੱਚ ਕਾਮਯਾਬ ਨਹੀਂ ਹੋਈ ਹੈ।

ਅੱਜ ਲੋਕਾਂ ਨੂੰ ਲੱਗਦਾ ਹੈ ਕਿ ਹਰ ਪਾਰਟੀ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਗੱਲ ਕਰਦੀ ਹੈ, ਪਰ ਚੋਣਾਂ ਤੋਂ ਬਾਅਦ ਆਪਣੀ ਰਾਜਨੀਤੀ ਦੀ । ਅੱਜ ਪੰਜਾਬ ਦੇ ਪਿੰਡਾਂ ਵਿੱਚ ਜਾ ਕੇ ਵੇਖੋ ਲੋਕ ਕਹਿੰਦੇ ਹਨ ਕਿ ਹੁਣ ਕੋਈ ਵੀ ਪਾਰਟੀ ਆਸ ਨਹੀਂ ਦਿੰਦੀ। ਅੱਜ ਪੰਜਾਬ ਦੀ ਰਾਜਨੀਤੀ ਹੁਣ ਵਿਚਾਰਧਾਰਾ ਨਹੀਂ ਰਹੀ, ਸਗੋਂ ਮੈਨੇਜਮੈਂਟ ਬਣ ਗਈ ਹੈ। ਸੋਸ਼ਲ ਮੀਡੀਆ ਦੀ ਟੀਮ, ਟਰੋਲ ਫੌਜ, ਧਾਰਮਿਕ ਧ੍ਰੁਵੀਕਰਨ ਅਤੇ ਜਾਤੀਕਾਰਕ ਸਮੀਕਰਨ — ਇਹੀ ਆਧੁਨਿਕ ਰਾਜਨੀਤੀ ਦੇ ਹਥਿਆਰ ਬਣ ਗਏ ਹਨ। ਜਿਸ ਪੰਜਾਬ ਨੇ ਕਦੇ ਲਾਲਾ ਲਾਜਪਤ ਰਾਏ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਵਰਗੇ ਵਿਚਾਰਕ ਦਿੱਤੇ ਸਨ, ਅੱਜ ਉਥੇ ਟਿਕਟਾਂ ਜਾਤੀ, ਪੈਸੇ ਅਤੇ ਪ੍ਰਭਾਵ ਦੇ ਆਧਾਰ 'ਤੇ ਵੰਡੀਆਂ ਜਾ ਰਹੀਆਂ ਹਨ। ਇਹ ਰਾਜਨੀਤੀ ਲੋਕਾਂ ਦੇ ਦਿਲਾਂ ਵਿੱਚ ਵਿਸ਼ਵਾਸ ਨਹੀਂ, ਥਕਾਵਟ ਪੈਦਾ ਕਰ ਰਹੀ ਹੈ।

ਅੱਜ ਕਰਜ਼ੇ ਵਿੱਚ ਡੁੱਬਿਆ ਪੰਜਾਬ ਅਤੇ ਟੁੱਟਦੀ ਆਰਥਿਕਤਾ ਪੰਜਾਬ ਦੀ ਆਰਥਿਕਤਾ ਅੱਜ ਡੂੰਘੇ ਸੰਕਟ ਵਿੱਚ ਹੈ। ਕਿਸਾਨ ਕਰਜ਼ੇ ਹੇਠ ਹੈ, ਵਪਾਰੀ ਡਰ ਹੇਠ ਹੈ, ਸਰਕਾਰੀ ਕਰਮਚਾਰੀ ਅਨਿਸ਼ਚਿਤਤਾ ਵਿੱਚ ਹੈ ਅਤੇ ਨੌਜਵਾਨ ਵਿਦੇਸ਼ ਜਾਣ ਲਈ ਬੇਚੈਨ ਹੈ। ਅੱਜ ਹਰ ਘਰ ਵਿੱਚ IELTS ਦੀ ਤਿਆਰੀ ਚੱਲ ਰਹੀ ਹੈ। ਕਦੇ ਪੰਜਾਬ ਦੇ ਨੌਜਵਾਨ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਲਈ ਜਾਂਦੇ ਸਨ, ਅੱਜ ਉਹ ਕੈਨੇਡਾ ਅਤੇ ਆਸਟ੍ਰੇਲੀਆ ਦੀਆਂ ਫਾਈਲਾਂ ਲਗਾ ਰਹੇ ਹਨ। ਅੱਜ ਇਹ ਸਿਰਫ਼ ਰੁਜ਼ਗਾਰ ਦਾ ਮਸਲਾ ਨਹੀਂ, ਇਹ ਵਿਸ਼ਵਾਸ ਦੇ ਪਲਾਇਨ ਦੀ ਤਸਵੀਰ ਹੈ। ਜਦੋਂ ਇੱਕ ਸਮਾਜ ਆਪਣੇ ਹੀ ਭਵਿੱਖ ਤੋਂ ਭਰੋਸਾ ਖੋ ਬੈਠੇ, ਤਾਂ ਉਹ ਆਪਣੀ ਮਿੱਟੀ ਛੱਡਣ ਲੱਗਦਾ ਹੈ। ਪੰਜਾਬ ਦੀ ਧਰਤੀ ਜੋ ਕਦੇ ਹਰੀ ਕ੍ਰਾਂਤੀ ਦਾ ਕੇਂਦਰ ਸੀ, ਅੱਜ ਬੇਰੁਜ਼ਗਾਰੀ, ਮਾਈਗ੍ਰੇਸ਼ਨ ਅਤੇ ਕਰਜ਼ੇ ਦੀ ਤ੍ਰਾਸਦੀ ਵਿੱਚ ਫਸੀ ਹੋਈ ਹੈ। ਅੱਜ ਨਸ਼ਾ ਇੱਕ ਸਮਾਜਕ ਯੁੱਧ ਵਿੱਚ ਬਦਲ ਗਿਆ ਹੈ। ਨਸ਼ਾ ਹੁਣ ਕੇਵਲ ਕਾਨੂੰਨੀ ਮਸਲਾ ਨਹੀਂ ਰਿਹਾ। ਅੱਜ ਇਹ ਪੰਜਾਬ ਦੀ ਆਤਮਾ ਉੱਤੇ ਹਮਲਾ ਹੈ। ਪਿੰਡਾਂ ਵਿੱਚ ਅਣਗਿਣਤ ਘਰ ਹਨ ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਬਚਾਉਣ ਲਈ ਤੜਫ਼ ਰਹੇ ਹਨ।

ਮਾਵਾਂ ਦੀਆਂ ਅੱਖਾਂ ਵਿੱਚ ਡਰ ਹੈ ਕਿ ਕਿਤੇ ਉਹਦਾ ਪੁੱਤਰ ਵੀ ਚਿੱਟੇ ਦਾ ਸ਼ਿਕਾਰ ਨਾ ਹੋ ਜਾਵੇ। ਅੱਜ ਰਾਜਨੀਤਿਕ ਪਾਰਟੀਆਂ ਹਰ ਚੋਣ ਵਿੱਚ ਨਸ਼ਾ ਖਤਮ ਕਰਨ ਦੇ ਦਾਅਵੇ ਕਰਦੀਆਂ ਹਨ, ਪਰ ਪੰਜਾਬ ਦਾ ਨੌਜਵਾਨ ਪੁੱਛਦਾ ਹੈ ਜੇਕਰ ਸਰਕਾਰਾਂ ਸੱਚਮੁੱਚ ਚਾਹੁੰਦੀਆਂ, ਤਾਂ ਕੀ ਨਸ਼ਾ ਇੰਨਾ ਵੱਡਾ ਜਾਲ ਬਣ ਸਕਦਾ ਸੀ ? ਅੱਜ ਨਸ਼ੇ ਨੇ ਪੰਜਾਬ ਦੀ ਸ਼ਕਤੀ ਨੂੰ ਖਾ ਲਿਆ ਹੈ। ਇਹ ਉਹੀ ਪੰਜਾਬ ਹੈ ਜਿੱਥੇ ਨੌਜਵਾਨ ਕਦੇ ਕੁਸ਼ਤੀ, ਕਬੱਡੀ, ਫੌਜ ਅਤੇ ਖੇਤੀ ਦੀ ਪਛਾਣ ਹੁੰਦੇ ਸਨ।ਅੱਜ ਕਈ ਥਾਵਾਂ ਉੱਤੇ ਨਸ਼ਾ ਅਤੇ ਗੈਂਗਸਟਰ ਕਲਚਰ ਨੌਜਵਾਨੀ ਦਾ ਹਿੱਸਾ ਬਣਦਾ ਜਾ ਰਿਹਾ ਹੈ।

ਅੱਜ ਪੰਜਾਬੀ ਭਾਸ਼ਾ ਦੀ ਦਰਦਨਾਕ ਹਾਲਤ ਹੈ। ਇੱਕ ਸਭਿਆਚਾਰ ਦੀ ਮੌਤ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਉਸਦੀ ਭਾਸ਼ਾ ਕਮਜ਼ੋਰ ਹੋਣ ਲੱਗਦੀ ਹੈ। ਅੱਜ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਵਿੱਚ ਬੱਚਿਆਂ ਦੇ ਫੇਲ੍ਹ ਹੋਣ ਦੀਆਂ ਖ਼ਬਰਾਂ ਸਿਰਫ਼ ਸਿੱਖਿਆ ਦਾ ਮਸਲਾ ਨਹੀਂ, ਸਗੋਂ ਸੱਭਿਆਚਾਰਕ ਸੰਕਟ ਦੀ ਘੰਟੀ ਹਨ।

ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਬਜਾਏ ਐਕਸੈਂਟ ਸਿਖਾਉਣ ਵਿੱਚ ਜ਼ਿਆਦਾ ਦਿਲਚਸਪੀ ਲੈ ਰਹੇ ਹਨ।ਅੱਜ ਪੰਜਾਬੀ ਬੋਲਣ ਵਿੱਚ ਹੀਨਤਾ ਪੈਦਾ ਹੋ ਰਹੀ ਹੈ। ਅੱਜ ਸਕੂਲਾਂ, ਮਾਲਾਂ ਅਤੇ ਕਾਰਪੋਰੇਟ ਦਫ਼ਤਰਾਂ ਵਿੱਚ ਪੰਜਾਬੀ ਨੂੰ ਪਿੱਛੜੀ ਭਾਸ਼ਾ ਵਾਂਗ ਦੇਖਿਆ ਜਾਣ ਲੱਗ ਪਿਆ ਹੈ। ਅੱਜ ਇਹ ਸਭ ਤੋਂ ਖਤਰਨਾਕ ਸਥਿਤੀ ਹੈ ਕਿਉਂਕਿ ਜਿਸ ਕੌਮ ਨੂੰ ਆਪਣੀ ਭਾਸ਼ਾ ਉੱਤੇ ਮਾਣ ਨਾ ਰਹੇ, ਉਹ ਹੌਲੀ-ਹੌਲੀ ਆਪਣੀ ਇਤਿਹਾਸਕ ਯਾਦਦਾਸ਼ਤ ਵੀ ਖੋ ਬੈਠਦੀ ਹੈ।

ਅੱਜ ਘਟੀਆ ਗਾਇਕੀ ਅਤੇ ਸੱਭਿਆਚਾਰ ਦੇ ਬਾਜ਼ਾਰੀਕਰਨ ਨੇ ਪੰਜਾਬ ਨੂੰ ਸਮਰਪਿਤ ਸਭਿਆਚਾਰ ਨੂੰ ਢਾਹ ਲਾਈ ਹੈ। ਪੰਜਾਬੀ ਸੰਗੀਤ ਕਦੇ ਰੂਹ ਦੀ ਆਵਾਜ਼ ਹੁੰਦਾ ਸੀ। ਕੁੱਝ ਉਹ ਨਾਮ ਸਨ, ਜਿਨ੍ਹਾਂ ਨੇ ਪੰਜਾਬ ਦੇ ਦਰਦ, ਪ੍ਰੇਮ, ਵਿਛੋੜੇ ਅਤੇ ਮਿੱਟੀ ਦੀ ਖੁਸ਼ਬੂ ਨੂੰ ਸੁਰਾਂ ਵਿੱਚ ਬਦਲਿਆ ਪਰ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬੀ ਸੰਗੀਤ ਦਾ ਵੱਡਾ ਹਿੱਸਾ ਮਾਰਕੀਟ ਦੇ ਹਵਾਲੇ ਹੋ ਗਿਆ। ਅੱਜ ਗਾਣਿਆਂ ਵਿੱਚ ਗੱਡੀਆਂ, ਗੰਡਾਸੇ, ਜਾਤੀ ਅਹੰਕਾਰ, ਹਿੰਸਾ, ਸ਼ਰਾਬ, ਔਰਤ ਦੀ ਵਸਤੂਕਰਨ ਅਤੇ ਅਪਰਾਧ ਨੂੰ ਸਟਾਈਲ ਬਣਾਇਆ ਗਿਆ। ਕਈ ਗਾਇਕ ਜਿਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਗਲਤ ਦਿਸ਼ਾ ਵਿੱਚ ਧੱਕਿਆ, ਉਹ ਕਰੋੜਾਂ ਦੇ ਮਾਲਕ ਬਣ ਗਏ। ਉਹਨਾਂ ਨੇ ਪੰਜਾਬ ਦੀ ਸੰਵੇਦਨਾ ਨੂੰ ਕਾਰੋਬਾਰ ਬਣਾ ਦਿੱਤਾ।

ਅੱਜ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਲੋਕਾਂ ਨੇ ਵੀ ਅਜਿਹੇ ਲੋਕਾਂ ਨੂੰ ਆਈਕਾਨ ਬਣਾ ਲਿਆ। ਜਿਨ੍ਹਾਂ ਨੂੰ ਸਮਾਜਕ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਸੀ, ਉਹਨਾਂ ਨੇ ਸ਼ੋਹਰਤ ਅਤੇ ਪੈਸੇ ਲਈ ਪੰਜਾਬ ਦੇ ਮਨੋਵਿਗਿਆਨ ਨਾਲ ਖੇਡ ਕੀਤੀ। ਅੱਜ ਪੰਜਾਬੀ ਕਾਮੇਡੀ, ਫਿਲਮਾਂ ਅਤੇ ਬੌਧਿਕ ਖਾਲੀਪਨ ਪੰਜਾਬੀ ਫਿਲਮਾਂ ਅਤੇ ਕਾਮੇਡੀ ਦਾ ਇੱਕ ਵੱਡਾ ਹਿੱਸਾ ਵੀ ਹੌਲੀ-ਹੌਲੀ ਬੌਧਿਕ ਗਿਰਾਵਟ ਦਾ ਸ਼ਿਕਾਰ ਹੋਇਆ। ਘਟੀਆ ਡਬਲ ਮੀਨਿੰਗ, ਸਸਤੀ ਹਾਸੀ ਅਤੇ ਸ਼ੋਰ-ਸ਼ਰਾਬੇ ਨੂੰ ਮਨੋਰੰਜਨ ਦਾ ਨਾਮ ਦਿੱਤਾ ਗਿਆ। ਜਦੋਂ ਇੱਕ ਸਮਾਜ ਆਪਣੀ ਸੋਚ ਨੂੰ ਹਲਕਾ ਕਰ ਲੈਂਦਾ ਹੈ, ਤਾਂ ਉਸਦੀ ਰਾਜਨੀਤੀ ਵੀ ਹਲਕੀ ਹੋ ਜਾਂਦੀ ਹੈ। ਅੱਜ ਪੰਜਾਬ ਵਿੱਚ ਸਾਹਿਤਕ ਗੱਲਬਾਤ ਘੱਟ ਰਹਿ ਗਈ ਹੈ। ਪੁਸਤਕ ਮੇਲਿਆਂ ਦੀ ਥਾਂ ਰੀਲਾਂ ਨੇ ਲੈ ਲਈ ਹੈ। ਚਰਚਾ ਦਾ ਵਿਸ਼ਾ ਹੁਣ ਕਿਤਾਬਾਂ ਨਹੀਂ, ਟ੍ਰੈਂਡਿੰਗ ਵੀਡੀਓ ਹਨ।

ਇਹ ਬੌਧਿਕ ਖਾਲੀਪਨ ਹੀ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ।ਪੰਜਾਬ ਨੇ ਆਪਣੇ ਅਸਲੀ ਨਾਇਕ ਭੁਲਾ ਦਿੱਤੇ ਹਨ। ਅੱਜ ਪੰਜਾਬ ਦੀ ਮਿੱਟੀ ਵਿੱਚ ਅਸਲ ਨਾਇਕਾਂ ਦੀ ਕਮੀ ਨਹੀਂ ਸੀ।

ਭਗਤ ਸਿੰਘ ਨੇ ਸਿਰਫ਼ ਇਨਕਲਾਬ ਨਹੀਂ ਕੀਤਾ, ਸਗੋਂ ਪੜ੍ਹਨ ਅਤੇ ਸੋਚਣ ਦੀ ਸਭਿਆਚਾਰ ਦਿੱਤੀ ਹੈ। ਕਦੀ ਪੰਜਾਬ ਕੋਲ ਵਿਚਾਰਾਂ ਦੀ ਅਮੀਰ ਪਰੰਪਰਾ ਸੀ ਪਰ ਅੱਜ ਦਾ ਨੌਜਵਾਨ ਉਹਨਾਂ ਤੋਂ ਦੂਰ ਹੋ ਗਿਆ ਹੈ। ਅੱਜ ਉਹ ਇਤਿਹਾਸਕ ਚਿੰਤਕਾਂ ਦੀ ਥਾਂ ਇੰਸਟਾਗ੍ਰਾਮ ਆਈਕਾਨਾਂ ਨੂੰ ਫਾਲੋ ਕਰ ਰਿਹਾ ਹੈ।

ਅੱਜ ਹੁਣ ਇਹ ਦੋਸ਼ ਸਿਰਫ਼ ਨੌਜਵਾਨਾਂ ਦਾ ਨਹੀਂ ਹੈ । ਸਮਾਜ, ਮੀਡੀਆ, ਰਾਜਨੀਤੀ ਅਤੇ ਮਨੋਰੰਜਨ ਉਦਯੋਗ ਨੇ ਮਿਲ ਕੇ ਇੱਕ ਅਜਿਹਾ ਮਾਹੌਲ ਬਣਾਇਆ, ਜਿੱਥੇ ਗਹਿਰਾਈ ਦੀ ਥਾਂ ਦਿਖਾਵਾ ਵੱਡੀ ਚੀਜ਼ ਬਣ ਗਿਆ।

ਅੱਜ ਸਵਾਲ ਇਹ ਹੈ ਕਿ ਕੀ ਪੰਜਾਬ ਸੱਚਮੁੱਚ ਇੱਕ ਨਵੇਂ ਨਾਇਕ ਦੀ ਤਲਾਸ਼ ਵਿੱਚ ਹੈ ? ਹਾਂ, ਪੰਜਾਬ ਅੱਜ ਇੱਕ ਨਵੇਂ ਨਾਇਕ ਦੀ ਤਲਾਸ਼ ਵਿੱਚ ਹੈ ਪਰ ਉਹ ਨਾਇਕ ਸਿਰਫ਼ ਇੱਕ ਚਿਹਰਾ ਨਹੀਂ ਹੋ ਸਕਦਾ। ਅੱਜ ਪੰਜਾਬ ਨੂੰ ਹੁਣ ਫਿਲਮੀ ਹੀਰੋ ਨਹੀਂ, ਵਿਚਾਰਕ ਨਾਇਕ ਚਾਹੀਦਾ ਹੈ।ਉਹ ਜਿਹੜਾ ਨੌਜਵਾਨ ਨੂੰ ਨਸ਼ੇ ਤੋਂ ਕਿਤਾਬ ਵੱਲ ਲੈ ਜਾਵੇ।ਉਹ ਜਿਹੜਾ ਪੰਜਾਬੀ ਭਾਸ਼ਾ ਨੂੰ ਮਾਣ ਦੇਵੇ। ਉਹ ਜਿਹੜਾ ਧਰਮ ਨੂੰ ਨਫ਼ਰਤ ਨਹੀਂ, ਮਨੁੱਖਤਾ ਨਾਲ ਜੋੜੇ। ਉਹ ਜਿਹੜਾ ਰਾਜਨੀਤੀ ਨੂੰ ਵਪਾਰ ਨਹੀਂ, ਸੇਵਾ ਮੰਨੇ।

ਅੱਜ ਪੰਜਾਬ ਨੂੰ ਅਜਿਹਾ ਆਈਕਾਨ ਚਾਹੀਦਾ ਹੈ ਜਿਸਦੇ ਕੋਲ ਸੱਚ ਬੋਲਣ ਦੀ ਹਿੰਮਤ ਹੋਵੇ, ਜੋ ਲੋਕਪ੍ਰਿਯਤਾ ਲਈ ਨਹੀਂ, ਸਮਾਜ ਦੀ ਰੂਹ ਬਚਾਉਣ ਲਈ ਖੜ੍ਹਾ ਹੋਵੇ। ਇਹ ਆਈਕਾਨ ਕਿੱਥੋਂ ਆਵੇਗਾ ? ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਜਾਬ ਦਾ ਨਵਾਂ ਆਈਕਾਨ ਕਿੱਥੋਂ ਆਵੇਗਾ ? ਕੀ ਉਹ ਰਾਜਨੀਤੀ ਵਿੱਚੋਂ ਨਿਕਲੇਗਾ ? ਸ਼ਾਇਦ ਨਹੀਂ। ਕੀ ਉਹ ਫਿਲਮਾਂ ਵਿੱਚੋਂ ਆਵੇਗਾ ? ਮੁਸ਼ਕਲ ਹੈ। ਕੀ ਉਹ ਧਾਰਮਿਕ ਮੰਚਾਂ ਤੋਂ ਆਵੇ ਜਾਂ ਫਿਰ ਇਹ ਵੀ ਸੰਭਵ ਹੈ ਕਿ ਹੁਣ ਪੰਜਾਬ ਨੂੰ ਇੱਕ ਵਿਅਕਤੀ ਨਹੀਂ, ਸਮੂਹਕ ਚੇਤਨਾ ਦੀ ਲੋੜ ਹੋਵੇ। ਪੰਜਾਬ ਦੀ ਮੁੜ ਉਸਾਰੀ ਦਾ ਰਾਹ ਇਹ ਹੈ ਅਤੇ ਪੰਜਾਬ ਨੂੰ ਕੇਵਲ ਸਰਕਾਰ ਨਹੀਂ ਬਚਾ ਸਕਦੀ। ਇਸ ਲਈ ਸਮਾਜਕ ਜਾਗਰੂਕਤਾ ਦੀ ਲੋੜ ਹੈ।

ਅੱਜ ਜ਼ਰੂਰਤ ਹੈ ਕਿ ਪੰਜਾਬੀ ਭਾਸ਼ਾ ਨੂੰ ਘਰ ਅਤੇ ਸਕੂਲ ਵਿੱਚ ਮਾਣ ਦੇਣਾ ਹੋਵੇਗਾ। ਨੌਜਵਾਨਾਂ ਨੂੰ ਖੇਡਾਂ, ਕਿਤਾਬਾਂ ਅਤੇ ਵਿਗਿਆਨ ਨਾਲ ਜੋੜਨਾ ਹੋਵੇਗਾ। ਘਟੀਆ ਗਾਇਕੀ ਅਤੇ ਹਿੰਸਕ ਸੱਭਿਆਚਾਰ ਦਾ ਸਮਾਜਕ ਵਿਰੋਧ ਕਰਨਾ ਹੋਵੇਗਾ। ਸੱਚੇ ਅਧਿਆਪਕਾਂ, ਲੇਖਕਾਂ, ਫੌਜੀਆਂ, ਵਿਗਿਆਨੀਆਂ ਅਤੇ ਸਮਾਜ ਸੇਵਕਾਂ ਨੂੰ ਨਵੇਂ ਆਈਕਾਨ ਬਣਾਉਣਾ ਹੋਵੇਗਾ। ਰਾਜਨੀਤੀ ਵਿੱਚ ਵਿਚਾਰਧਾਰਕ ਗੱਲਬਾਤ ਨੂੰ ਮੁੜ ਜ਼ਿੰਦਾ ਕਰਨਾ ਹੋਵੇਗਾ।

ਸੱਚ ਤਾਂ ਇਹ ਹੈ ਕਿ ਪੰਜਾਬ ਅਜੇ ਜ਼ਿੰਦਾ ਹੈ। ਇਹ ਉਹ ਧਰਤੀ ਹੈ, ਜਿਸਨੇ ਹਰ ਹਨੇਰੇ ਤੋਂ ਬਾਅਦ ਨਵਾਂ ਸੂਰਜ ਵੇਖਿਆ ਹੈ ਪਰ ਇਹ ਵੀ ਸੱਚ ਹੈ ਕਿ ਪੰਜਾਬ ਇਸ ਵੇਲੇ ਡੂੰਘੇ ਨਿਰਾਸ਼ਾ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਲੋਕ ਥੱਕੇ ਹੋਏ ਹਨ। ਉਹਨਾਂ ਨੂੰ ਹੁਣ ਨਾਅਰਿਆਂ ਨਾਲ ਨਹੀਂ, ਇਮਾਨਦਾਰ ਚਿਹਰਿਆਂ ਦੀ ਲੋੜ ਹੈ ਕਿਉਂਕਿ ਕੌਮਾਂ ਨੂੰ ਕੇਵਲ ਨੇਤਾ ਨਹੀਂ ਬਚਾਉਂਦੇ ਉਹਨਾਂ ਨੂੰ ਵਿਚਾਰ, ਸਿੱਖਿਆ, ਸੰਵੇਦਨਾ ਅਤੇ ਸੱਚ ਬਚਾਉਂਦੇ ਹਨ।

ਅੱਜ ਪੰਜਾਬ ਦਾ ਸਭ ਤੋਂ ਵੱਡਾ ਸਵਾਲ ਇਹੀ ਹੈ ਕੀ ਅਸੀਂ ਅਜੇ ਵੀ ਅਸਲੀ ਨਾਇਕ ਪਛਾਣਨ ਦੀ ਸਮਰੱਥਾ ਰੱਖਦੇ ਹਾਂ, ਜਾਂ ਅਸੀਂ ਹਮੇਸ਼ਾਂ ਲਈ ਸ਼ੋਰ ਨੂੰ ਹੀ ਸੱਚ ਮੰਨ ਬੈਠੇ ਹਾਂ ?

# ਆਪ੍ਰੇਸ਼ਨ ਸਿੰਦੂਰ: ਪਹਿਲਗਾਮ ਦੇ ਵਹਿਸ਼ੀਪੁਣੇ ਦਾ ਸਟੀਕ ਜਵਾਬ ਦੇ ਕੇ ਨਵੇਂ ਭਾਰਤ ਨੇ ਜੰਗ ਦੀ ਪਰਿਭਾਸ਼ਾ ਬਦਲੀ



ਪ੍ਰੋ: ਸਰਚਾਂਦ ਸਿੰਘ ਖਿਆਲਾ,
9781355522

**ਅੱਜ ਜਦੋਂ ਅਸੀਂ ਓਪਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਦੁਨੀਆ ਨੂੰ ਭਾਰਤ ਦੀ ਨਵੀਂ ਸੈਨਿਕ ਸਮਰੱਥਾ, ਤਕਨੀਕੀ ਤਾਕਤ ਅਤੇ ਸੋਚੀ-ਸਮਝੀ ਰਣਨੀਤੀ ਦਾ ਸਾਫ਼ ਸੰਦੇਸ਼ ਦੇਣ ਦੇ ਇਸ ਪੂਰੇ ਵਰਤਾਰੇ ਦਾ ਲੇਖਾ ਜੋਖਾ ਕਰਨਾ ਜ਼ਰੂਰੀ ਸਮਝਦਾ ਹਾਂ। ਉਸ ਵਕਤ ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਅਧੀਨ ਕਸ਼ਮੀਰ ਵਿੱਚ ਅੱਤਵਾਦੀ ਢਾਂਚਿਆਂ ਨਾਲ ਜੁੜੇ ਨੌਂ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਹ ਹਮਲੇ ਅੰਨ੍ਹੇਵਾਹ ਨਹੀਂ ਸਨ। ਹਰ ਠਿਕਾਣੇ ਅਤੇ ਟੀਚੇ ਦੀ ਪਹਿਲਾਂ ਪੂਰੀ ਜਾਣਕਾਰੀ ਇਕੱਠੀ ਕੀਤੀ ਗਈ, ਸੈਟੇਲਾਈਟ ਤਸਵੀਰਾਂ ਵੇਖੀਆਂ ਗਈਆਂ, ਡਰੋਨਾਂ ਨਾਲ ਨਿਗਰਾਨੀ ਕੀਤੀ ਗਈ ਅਤੇ ਫਿਰ ਸਟੀਕ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਕਾਰਵਾਈ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਸੀ ਕਿ ਭਾਰਤ ਨੇ ਸਿਰਫ਼ ਹਮਲਾ ਨਹੀਂ ਕੀਤਾ, ਸਗੋਂ ਦੁਨੀਆ ਨੂੰ ਸਬੂਤ ਵੀ ਦਿਖਾਏ। ਹਮਲੇ ਤੋਂ 48 ਘੰਟਿਆਂ ਦੇ ਅੰਦਰ ਸੈਟੇਲਾਈਟ ਤਸਵੀਰਾਂ ਸਾਹਮਣੇ ਆ ਗਈਆਂ। ਇਨ੍ਹਾਂ ਤਸਵੀਰਾਂ ਵਿੱਚ ਸਾਫ਼ ਦਿਖਾਈ ਦਿੱਤਾ ਕਿ ਕਿਹੜਾ ਟਾਰਗੈਟ ਹਿੱਟ ਹੋਇਆ, ਕਿੰਨਾ ਨੁਕਸਾਨ ਹੋਇਆ ਅਤੇ ਹਮਲਾ ਕਿੰਨਾ ਸਟੀਕ ਸੀ।**

22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਦੇ ਬੈਸਰਨ ਵਿੱਚ ਹੋਇਆ ਅੱਤਵਾਦੀ ਹਮਲਾ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਬੰਨ੍ਹੇ ਟੱਪ ਗਿਆ ਸੀ। ਇਸ ਵਿੱਚ 26 ਬੇਕਸੂਰ ਲੋਕ ਮਾਰੇ ਗਏ, ਮਰਨ ਵਾਲਿਆਂ ਵਿੱਚ ਜ਼ਿਆਦਾਤਰ ਸੈਲਾਨੀ ਸਨ। ਇਹ ਦਹਿਸ਼ਤਗਰਦੀ ਹਮਲਾ ਸਿਰਫ਼ ਇੱਕ ਹਮਲਾ ਨਹੀਂ, ਬਲਕਿ ਇੱਕ ਸੋਚੀ-ਸਮਝੀ ਸਾਜ਼ਿਸ਼ ਸੀ, ਜਿਸ ਦਾ ਮੰਤਵ ਕਸ਼ਮੀਰ ਵਿੱਚ ਸਾਲਾਂ ਦੀ ਮਿਹਨਤ ਨਾਲ ਸਥਾਪਤ ਕੀਤੀ ਗਈ ਸਮਾਜਿਕ ਸਥਿਰਤਾ ਨੂੰ ਖੰਡਿਤ ਕਰਨ ਤੋਂ ਇਲਾਵਾ ਸੂਬੇ ਵਿੱਚ ਤੇਜ਼ੀ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੂੰ ਪ੍ਰਭਾਵਿਤ ਕਰਨਾ ਸੀ। ਦਹਿਸ਼ਤਗਰਦਾਂ ਵੱਲੋਂ ਵਿਸ਼ੇਸ਼ ਤੌਰ 'ਤੇ ਧਰਮ ਅਤੇ ਅਕੀਦਾ ਪੁੱਛ ਕੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਤੋਂ ਉਨ੍ਹਾਂ ਦੇ ਫ਼ਿਰਕੂ ਤਣਾਅ ਪੈਦਾ ਕਰਨ ਦੇ ਇਰਾਦੇ ਸਾਫ਼ ਝਲਕਦੇ ਸਨ।

ਸਾਡੇ ਖ਼ੁਫ਼ੀਆ ਤੰਤਰ ਨੇ ਇਸ ਹਮਲੇ ਵਿੱਚ ਸ਼ਾਮਲ ਅਤਿਵਾਦੀਆਂ ਅਤੇ ਸਾਜ਼ਿਸ਼ਘਾੜਿਆਂ ਦੀ ਪਛਾਣ ਜਲਦੀ ਕਰ ਲਈ ਸੀ, ਜਿਨ੍ਹਾਂ ਦੀਆਂ ਤਾਰਾਂ ਪਾਕਿਸਤਾਨ ਨਾਲ ਜੁੜੀਆਂ ਹੋਈਆਂ ਸਨ। ਜੋ ਇਸ ਹਮਲੇ ਦੀ ਸਾਜ਼ਿਸ਼ ਘੜਨ ਦੇ ਨਾਲ-ਨਾਲ ਇਸ ਨੂੰ ਅੰਜ਼ਾਮ ਦੇਣ ਵਿੱਚ ਵੀ ਸ਼ਾਮਲ ਸਨ। ਇਸ ਵਹਿਸ਼ੀਪਣ ਲਈ ਜ਼ਿੰਮੇਵਾਰ ਤੱਤਾਂ ਨੂੰ ਸਬਕ ਸਿਖਾਉਣ ਲਈ 7 ਮਈ 2025 ਦੀ ਰਾਤ ਭਾਰਤੀ ਹਵਾਈ ਫ਼ੌਜ ਨੇ "ਓਪਰੇਸ਼ਨ ਸਿੰਦੂਰ" ਨਾਂ ਦੀ ਇੱਕ ਬਹੁਤ ਮਹੱਤਵਪੂਰਨ ਕਾਰਵਾਈ ਕੀਤੀ। ਇਹ ਸਰਹੱਦ ਪਾਰਲੇ ਅੱਤਵਾਦ ਪ੍ਰਤੀ ਦੇਸ਼ ਦੀ ਪ੍ਰਤੀਕਿਰਿਆ ਵਿੱਚ ਇੱਕ ਇਤਿਹਾਸਕ ਅਤੇ ਨਿਰਣਾਇਕ ਮੋੜ ਸਾਬਤ ਹੋਇਆ । ਇਸ ਮੁਹਿੰਮ ਵਿੱਚ ਸਟੀਕ ਫ਼ੌਜੀ ਹਮਲਿਆਂ ਦੇ ਨਾਲ-ਨਾਲ ਵਿਆਪਕ ਕੂਟਨੀਤਕ ਅਤੇ ਆਰਥਿਕ ਉਪਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ, ਜਿਸ ਨੇ ਅੱਤਵਾਦ ਨਾਲ ਨਜਿੱਠਣ ਦੇ ਭਾਰਤ ਦੇ ਨਜ਼ਰੀਏ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ।

ਅੱਜ ਜਦੋਂ ਅਸੀਂ ਓਪਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਦੁਨੀਆ ਨੂੰ ਭਾਰਤ ਦੀ ਨਵੀਂ ਸੈਨਿਕ ਸਮਰੱਥਾ, ਤਕਨੀਕੀ ਤਾਕਤ ਅਤੇ ਸੋਚੀ-ਸਮਝੀ ਰਣਨੀਤੀ ਦਾ ਸਾਫ਼ ਸੰਦੇਸ਼ ਦੇਣ ਦੇ ਇਸ ਪੂਰੇ ਵਰਤਾਰੇ ਦਾ ਲੇਖਾ ਜੋਖਾ ਕਰਨਾ ਜ਼ਰੂਰੀ ਸਮਝਦਾ ਹਾਂ। ਉਸ ਵਕਤ ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਅਧੀਨ ਕਸ਼ਮੀਰ ਵਿੱਚ ਅੱਤਵਾਦੀ ਢਾਂਚਿਆਂ ਨਾਲ ਜੁੜੇ ਨੌਂ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਹ ਹਮਲੇ ਅੰਨ੍ਹੇਵਾਹ ਨਹੀਂ ਸਨ। ਹਰ ਠਿਕਾਣੇ ਅਤੇ ਟੀਚੇ ਦੀ ਪਹਿਲਾਂ ਪੂਰੀ ਜਾਣਕਾਰੀ ਇਕੱਠੀ ਕੀਤੀ ਗਈ, ਸੈਟੇਲਾਈਟ ਤਸਵੀਰਾਂ ਵੇਖੀਆਂ ਗਈਆਂ, ਡਰੋਨਾਂ ਨਾਲ ਨਿਗਰਾਨੀ ਕੀਤੀ ਗਈ ਅਤੇ ਫਿਰ ਸਟੀਕ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਕਾਰਵਾਈ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਸੀ ਕਿ ਭਾਰਤ ਨੇ ਸਿਰਫ਼ ਹਮਲਾ ਨਹੀਂ ਕੀਤਾ, ਸਗੋਂ ਦੁਨੀਆ ਨੂੰ ਸਬੂਤ ਵੀ ਦਿਖਾਏ। ਹਮਲੇ ਤੋਂ 48 ਘੰਟਿਆਂ ਦੇ ਅੰਦਰ ਸੈਟੇਲਾਈਟ ਤਸਵੀਰਾਂ ਸਾਹਮਣੇ ਆ ਗਈਆਂ। ਇਨ੍ਹਾਂ ਤਸਵੀਰਾਂ ਵਿੱਚ ਸਾਫ਼ ਦਿਖਾਈ ਦਿੱਤਾ ਕਿ ਕਿਹੜਾ ਟਾਰਗੈਟ ਹਿੱਟ ਹੋਇਆ, ਕਿੰਨਾ ਨੁਕਸਾਨ ਹੋਇਆ ਅਤੇ ਹਮਲਾ ਕਿੰਨਾ ਸਟੀਕ ਸੀ।

ਇਸ ਦਾ ਸਧਾਰਨ ਅਰਥ ਇਹ ਹੈ ਕਿ ਹੁਣ ਜੰਗ ਸਿਰਫ਼ ਬੰਦੂਕਾਂ ਜਾਂ ਮਿਸਾਈਲਾਂ ਨਾਲ ਨਹੀਂ ਲੜੀ ਜਾਂਦੀ। ਅੱਜ ਦੀ ਜੰਗ ਵਿੱਚ ਸਬੂਤ, ਤਕਨਾਲੋਜੀ ਅਤੇ ਦੁਨੀਆ ਸਾਹਮਣੇ ਆਪਣੀ ਜਵਾਬਦੇਹੀ ਵੀ ਬਹੁਤ ਮਹੱਤਵ ਰੱਖਦੀ ਹੈ।

ਦੂਜੇ ਪਾਸੇ ਪਾਕਿਸਤਾਨ ਦੀ ਪ੍ਰਤੀਕਿਰਿਆ ਬਿਲਕੁਲ ਵੱਖਰੀ ਸੀ। ਉਸ ਨੇ ਸਰਹੱਦੀ ਇਲਾਕਿਆਂ ਵਿੱਚ ਗੋਲਾਬਾਰੀ ਕੀਤੀ, ਡਰੋਨ ਭੇਜੇ ਅਤੇ ਨਾਗਰਿਕ ਥਾਵਾਂ ਨੂੰ ਨਿਸ਼ਾਨਾ ਬਣਾਇਆ। ਮੰਦਰ, ਗੁਰਦੁਆਰੇ, ਸਕੂਲ ਅਤੇ ਘਰ ਪ੍ਰਭਾਵਿਤ ਹੋਏ। ਇਹ ਕਾਰਵਾਈ ਸਟੀਕ ਸੈਨਿਕ ਕਾਰਵਾਈ ਨਹੀਂ ਸੀ, ਸਗੋਂ ਬੇਤਰਤੀਬ ਅਤੇ ਬੁਖਲਾਹਟ ਭਰੀ ਪ੍ਰਤੀਕਿਰਿਆ ਸੀ।

ਭਾਰਤ ਦੀ ਕਾਰਵਾਈ ਅਤੇ ਪਾਕਿਸਤਾਨ ਦੀ ਪ੍ਰਤੀਕਿਰਿਆ ਵਿਚਕਾਰ ਇਹੀ ਸਭ ਤੋਂ ਵੱਡਾ ਫ਼ਰਕ ਰਿਹਾ। ਭਾਰਤ ਨੇ ਅੱਤਵਾਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ, ਜਦਕਿ ਪਾਕਿਸਤਾਨ ਨੇ ਨਾਗਰਿਕ ਇਲਾਕਿਆਂ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ। ਭਾਰਤ ਕੋਲ ਹਰ ਹਮਲੇ ਦਾ ਸਬੂਤ ਸੀ, ਜਦਕਿ ਪਾਕਿਸਤਾਨ ਕੋਲ ਸਿਰਫ਼ ਦਾਅਵੇ ਜਾਂ ਸੋਸ਼ਲ ਮੀਡੀਆ 'ਤੇ ਦਿਖਾਏ ਜਾ ਰਹੇ ਕਾਲਪਨਿਕ ਤੱਥ ਸਨ।

ਓਪਰੇਸ਼ਨ ਸਿੰਦੂਰ ਨੇ ਇਹ ਵੀ ਦਿਖਾਇਆ ਕਿ ਭਾਰਤ ਹੁਣ ਰੱਖਿਆ ਖੇਤਰ ਵਿੱਚ ਤੇਜ਼ੀ ਨਾਲ ਆਤਮਨਿਰਭਰ ਹੋ ਰਿਹਾ ਹੈ। ਬ੍ਰਹਮੋਸ ਮਿਸਾਈਲ, ਆਕਾਸ਼ ਏਅਰ ਡਿਫੈਂਸ ਸਿਸਟਮ ਅਤੇ ਭਾਰਤ ਵਿੱਚ ਬਣੇ ਜਾਂ ਭਾਰਤ ਨਾਲ ਸਹਿ-ਵਿਕਸਿਤ ਡਰੋਨਾਂ ਦੀ ਵਰਤੋਂ ਇਸ ਗੱਲ ਦਾ ਸਬੂਤ ਹੈ। ਇਹ ਨਵਾਂ ਭਾਰਤ ਹੈ, ਜੋ ਸਿਰਫ਼ ਹਥਿਆਰ ਖ਼ਰੀਦਣ ਵਾਲਾ ਦੇਸ਼ ਨਹੀਂ ਰਿਹਾ, ਸਗੋਂ ਆਪਣੇ ਹਥਿਆਰ ਬਣਾਉਣ ਅਤੇ ਉਨ੍ਹਾਂ ਨੂੰ ਮੈਦਾਨ ਵਿੱਚ ਪਰਖਣ ਵਾਲਾ ਦੇਸ਼ ਬਣ ਰਿਹਾ ਹੈ। ਇਸ ਕਾਰਵਾਈ ਨੇ ਪਾਕਿਸਤਾਨ ਦੀ ਪਰਮਾਣੂ ਧਮਕੀ ਵਾਲੀ ਪੁਰਾਣੀ ਰਣਨੀਤੀ ਨੂੰ ਵੀ ਕਮਜ਼ੋਰ ਕੀਤਾ। ਪਾਕਿਸਤਾਨ ਲੰਮੇ ਸਮੇਂ ਤੋਂ ਇਹ ਸੋਚ ਰੱਖਦਾ ਸੀ ਕਿ ਪਰਮਾਣੂ ਹਥਿਆਰਾਂ ਦੇ ਡਰ ਕਾਰਨ ਭਾਰਤ ਵੱਡੀ ਕਾਰਵਾਈ ਨਹੀਂ ਕਰੇਗਾ। ਪਰ ਭਾਰਤ ਨੇ ਸਟੀਕ ਅਤੇ ਸੀਮਿਤ ਹਮਲਾ ਕਰਕੇ ਇਹ ਦੱਸ ਦਿੱਤਾ ਕਿ ਅੱਤਵਾਦੀ ਢਾਂਚਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਜੰਗ ਚਾਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਭਾਰਤ ਕੋਲ ਹੁਣ ਐਨੀ ਤਕਨੀਕੀ ਸਮਰੱਥਾ ਹੈ ਕਿ ਉਹ ਸਰਹੱਦ ਪਾਰ ਅੱਤਵਾਦੀ ਟੀਚਿਆਂ ਨੂੰ ਨਿਸ਼ਾਨਾ ਬਣਾ ਸਕਦਾ ਹੈ, ਬਿਨਾਂ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਏ ਅਤੇ ਬਿਨਾਂ ਪੂਰੀ ਜੰਗ ਛੇੜੇ। ਡਰੋਨ ਯੁੱਧ ਨੇ ਵੀ ਦੋਹਾਂ ਦੇਸ਼ਾਂ ਦੀ ਸੋਚ ਦਾ ਫ਼ਰਕ ਦਿਖਾਇਆ। ਭਾਰਤ ਨੇ ਡਰੋਨਾਂ ਦੀ ਵਰਤੋਂ ਟੀਚਾ ਪਛਾਣਨ ਅਤੇ ਸਟੀਕ ਹਮਲੇ ਲਈ ਕੀਤੀ। ਪਾਕਿਸਤਾਨ ਨੇ ਡਰੋਨਾਂ ਨੂੰ ਗਿਣਤੀ ਦੇ ਜ਼ੋਰ 'ਤੇ ਭੇਜਿਆ, ਤਾਂ ਜੋ ਭਾਰਤੀ ਰੱਖਿਆ ਪ੍ਰਣਾਲੀ ਨੂੰ ਥਕਾਇਆ ਜਾ ਸਕੇ। ਪਰ ਭਾਰਤ ਦੇ ਏਅਰ ਡਿਫੈਂਸ ਸਿਸਟਮਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ। ਅੱਜ ਦੇ ਯੁੱਗ ਵਿੱਚ ਸੈਟੇਲਾਈਟ ਝੂਠ ਨੂੰ ਜ਼ਿਆਦਾ ਦੇਰ ਤੱਕ ਜ਼ਿੰਦਾ ਨਹੀਂ ਰਹਿਣ ਦਿੰਦੇ। ਕੋਈ ਦੇਸ਼ ਜੋ ਮਰਜ਼ੀ ਦਾਅਵਾ ਕਰੇ, ਪਰ ਸੈਟੇਲਾਈਟ ਤਸਵੀਰਾਂ ਸਚਾਈ ਸਾਹਮਣੇ ਲਿਆ ਸਕਦੀਆਂ ਹਨ। ਓਪਰੇਸ਼ਨ ਸਿੰਦੂਰ ਦਾ ਸਭ ਤੋਂ ਵੱਡਾ ਸਬਕ ਇਹੀ ਹੈ ਕਿ ਭਵਿੱਖ ਦੀ ਜੰਗ ਵਿੱਚ ਸਿਰਫ਼ ਤਾਕਤ ਨਹੀਂ, ਸਟੀਕਤਾ ਅਤੇ ਸਬੂਤ ਵੀ ਜਿੱਤ ਦਿੰਦੇ ਹਨ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਓਪਰੇਸ਼ਨ ਸਿੰਦੂਰ ਸਿਰਫ਼ ਇੱਕ ਸੈਨਿਕ ਕਾਰਵਾਈ ਨਹੀਂ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਤੀਸ਼ੀਲ ਅਗਵਾਈ 'ਚ ਭਾਰਤ ਦੀ ਨਵੀਂ ਸੁਰੱਖਿਆ ਸੋਚ ਦਾ ਐਲਾਨ ਸੀ। ਇਹ ਦੱਸਦਾ ਹੈ ਕਿ ਭਾਰਤ ਹੁਣ ਅੱਤਵਾਦ ਦਾ ਜਵਾਬ ਭਾਵਨਾਵਾਂ ਨਾਲ ਨਹੀਂ, ਸਗੋਂ ਤਕਨਾਲੋਜੀ, ਸਟੀਕਤਾ ਅਤੇ ਪੂਰੀ ਜਵਾਬਦੇਹੀ ਨਾਲ ਦੇਵੇਗਾ। ਇਹੀ ਨਵੇਂ ਭਾਰਤ ਦੀ ਪਛਾਣ ਹੈ — ਸੰਯਮ ਵੀ, ਸ਼ਕਤੀ ਵੀ; ਸਬੂਤ ਵੀ, ਸਟੀਕ ਜਵਾਬ ਵੀ।

# ਸੋਮਨਾਥ ਤੋਂ ਸਿੰਦੂਰ ਤੱਕ : ਮੁੜ ਸੁਰਜੀਤ ਹੋ ਰਹੇ ਭਾਰਤ ਦੀ ਭਾਵਨਾ

ਸ਼੍ਰੀ ਪੀਯੂਸ਼ ਗੋਇਲ

75 ਵਰ੍ਹੇ ਪਹਿਲਾਂ ਕੀਤਾ ਗਿਆ ਸ਼ਾਨਦਾਰ ਸੋਮਨਾਥ ਮੰਦਰ ਦਾ ਪੁਨਰ-ਜਾਗਰਣ ਅਤੇ ਪ੍ਰਾਣ- ਪ੍ਰਤਿਸ਼ਠਾ ਭਾਰਤ ਦੇ ਸੱਭਿਅਤਾਗਤ ਗੌਰਵ ਦੀ ਮੁੜ-ਸਥਾਪਨਾ ਦਾ ਫੈਸਲਾਕੁੰਨ ਪਲ ਸੀ। ਇਸ ਨੇ ਭਾਰਤ ਦੀ ਉਸ ਦ੍ਰਿੜ੍ਹਤਾ ਅਤੇ ਸੰਕਲਪ ਨੂੰ ਮੁੜ -ਸਥਾਪਤ ਕੀਤਾ, ਜੋਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਕਸਤ ਭਾਰਤ 2047 ਮਿਸ਼ਨ ਦਾ ਮੂਲ ਅਧਾਰ ਹੈ। ਇਸ ਪਵਿੱਤਰ ਪ੍ਰਾਪਤੀ ਦੀ 75ਵੀਂ ਵਰ੍ਹੇਗੰਢ ਰਾਸ਼ਟਰ ਨੂੰ ਭਾਰਤੀ ਸੱਭਿਆਚਾਰ ਦੀ ਮਜ਼ਬੂਤ ਨੀਂਹ ਅਤੇ ਸ਼ਕਤੀ 'ਤੇ ਸਰਬਉੱਚ ਭਰੋਸਾ ਪ੍ਰਦਾਨ ਕਰਦੀ ਹੈ, ਜੋਕਿ 1,000 ਵਰ੍ਹਿਆਂ ਤੱਕ ਕੱਟੜਪੰਥੀਆਂ ਦੁਆਰਾ ਮੰਦਰ 'ਤੇ ਕੀਤੇ ਗਏ ਭਿਆਨਕ ਹਮਲਿਆਂ ਨੂੰ ਝਲਣ ਤੋਂ ਬਾਅਦ ਵੀ ਹੋਰ ਜ਼ਿਆਦਾ ਮਜ਼ਬੂਤ ਹੋ ਕੇ ਉਭਰੀ।

ਗੁਜਰਾਤ ਦੇ ਸ਼ਾਂਤ ਸਮੁੰਦਰ ਕਿਨਾਰੇ 'ਤੇ ਸਥਿਤ ਇਹ ਮੰਦਰ ਹਰ ਹਮਲੇ ਤੋਂ ਬਾਅਦ ਖੰਡਰਾਂ ਤੋਂ ਆਪਣੀ ਪੂਰੀ ਸ਼ਾਨ ਨਾਲ ਮੁੜ ਉੱਠ ਖੜ੍ਹਾ ਹੋਇਆ। ਕਈ ਮਾਇਨਿਆਂ ਵਿੱਚ ਇਸ ਦਾ ਇਤਿਹਾਸ ਭਾਰਤ ਦੇ ਅਤੀਤ ਦਾ ਪ੍ਰਤੀਬਿੰਬ ਹੈ, ਜਿੱਥੇ ਸਾਡੇ ਸ਼ਾਂਤੀ ਪਸੰਦ ਲੋਕਾਂ ਨੇ ਆਪਣੀ ਆਸਥਾ, ਸਭਿਆਚਾਰ ਅਤੇ ਵਿਰਾਸਤ 'ਤੇ ਹੋਏ ਭਿਆਨਕ ਹਮਲਿਆਂ ਤੋਂ ਬਾਅਦ ਫਿਰ ਵੀ ਮਜ਼ਬੂਤੀ ਨਾਲ ਵਾਪਸੀ ਕੀਤੀ। ਜਿਵੇਂ ਕਿ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਕਿਹਾ, ਜਿਸ ਤਰ੍ਹਾਂ ਨਾਲ ਸੋਮਨਾਥ ਨੂੰ ਖਤਮ ਕਰਨ ਲਈ ਵਾਰ-ਵਾਰ ਸਾਜ਼ਿਸ਼ਾਂ ਰਚੀਆਂ ਅਤੇ ਯਤਨ ਕੀਤੇ, ਉਸੇ ਤਰ੍ਹਾਂ ਵਿਦੇਸ਼ੀ ਹਮਲਾਵਰਾਂ ਨੇ ਸਦੀਆਂ ਤੱਕ ਭਾਰਤ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਵੀ ਨਾ ਤਾਂ ਇਹ ਪੂਜਨੀਕ ਤੀਰਥ ਨਸ਼ਟ ਹੋਇਆ ਅਤੇ ਨਾ ਹੀ ਭਾਰਤ।

ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਸੋਮਨਾਥ 'ਤੇ ਹਮਿਲਆਂ ਦਾ ਉਦੇਸ਼ ਲੁੱਟ-ਖੋਹ ਤੋਂ ਵੱਧ ਖਤਰਨਾਕ ਸੀ। ਉਨ੍ਹਾਂ ਕਿਹਾ ਕਿ, "ਜੇਕਰ ਹਮਲੇ ਸਿਰਫ਼ ਲੁੱਟ ਲਈ ਹੁੰਦੇ, ਤਾਂ ਇੱਕ ਹਜ਼ਾਰ ਵਰ੍ਹੇ ਪਹਿਲਾਂ ਹੋਈ ਪਹਿਲੀ ਵੱਡੀ ਲੁੱਟ ਤੋਂ ਬਾਅਦ ਹੀ ਰੁੱਕ ਗਏ ਹੁੰਦੇ। ਪਰ ਅਜਿਹਾ ਨਹੀਂ ਹੋਇਆ। ਸੋਮਨਾਥ ਦੀ ਪਵਿੱਤਰ ਮੂਰਤੀ ਨੂੰ ਅਪਵਿੱਤਰ ਕੀਤਾ ਗਿਆ, ਮੰਦਰ ਦੇ ਸਰੂਪ ਨੂੰ ਵਾਰ-ਵਾਰ ਬਦਲਿਆ ਗਿਆ ਅਤੇ ਸਾਨੂੰ ਇਹ ਸਿਖਾਇਆ ਗਿਆ ਕਿ ਸੋਮਨਾਥ ਨੂੰ ਸਿਰਫ਼ ਲੁੱਟ-ਖੋਹ ਲਈ ਖਤਮ ਕੀਤਾ ਗਿਆ ਸੀ। ਨਫ਼ਰਤ, ਜ਼ੁਲਮ ਅਤੇ ਦਹਿਸ਼ਤ ਦਾ ਇਹ ਬੇਰਹਿਮ ਇਤਿਹਾਸ ਸਾਡੇ ਤੋਂ ਲੁਕਾਇਆ ਗਿਆ ਸੀ।"

ਨਹਿਰੂ ਦਾ ਵਿਰੋਧ- ਸੁਤੰਤਰਤਾ ਤੋਂ ਬਾਅਦ ਸਰਦਾਰ ਪਟੇਲ ਨੇ ਸੋਮਨਾਥ ਦੇ ਮੁੜ ਨਿਰਮਾਣ ਦੇ ਮਿਸ਼ਨ ਦੀ ਅਗਵਾਈ ਕੀਤੀ। ਇਹ ਨਵੇਂ ਸੁਤੰਤਰ ਭਾਰਤ ਵਿੱਚ ਰਾਸ਼ਟਰੀ ਆਤਮ ਵਿਸ਼ਵਾਸ ਦੇ ਸ਼ੁਰੂਆਤੀ ਪ੍ਰਗਟਾਵਿਆਂ ਵਿੱਚੋਂ ਇੱਕ ਸੀ। ਪਰ ਇਸ ਯਤਨ ਦੀ ਰਾਹ ਵਿੱਚ ਵੀ ਰੁਕਾਵਟਾਂ ਆਈਆਂ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸ ਦੇ ਇਤਿਹਾਸਕ ਉਦਘਾਟਨ ਸਮਾਰੋਹ ਵਿੱਚ ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ, ਦੇ ਸ਼ਾਮਲ ਹੋਣ ਦਾ ਰਸਮੀ ਤੌਰ 'ਤੇ ਵਿਰੋਧ ਕੀਤਾ। ਇਸ ਦੇ ਬਾਵਜੂਦ ਰਾਸ਼ਟਰਪਤੀ ਨੇ 11 ਮਈ, 1951 ਨੂੰ ਮੰਦਰ ਦਾ ਉਦਘਾਟਨ ਕੀਤਾ।

ਸਦੀਆਂ ਦੇ ਬੇਰਿਹਮ ਜ਼ੁਲਮਾਂ ਤੋਂ ਬਾਅਦ,ਇਸ ਪੁਨਰ ਨਿਰਮਾਣ ਨੇ ਭਾਰਤ ਦੀ ਸੱਭਿਆਚਾਰਕ ਪੁਨਰ-ਜਾਗਰਣ ਅਤੇ ਸੱਭਿਆਚਾਰ ਦੇ ਮਾਣ ਦੇ ਬੀਜ ਬੀਜੇ। ਕਾਸ਼ੀ ਵਿਸ਼ਵਨਾਥ ਅਤੇ ਉਜੈਨ ਦੇ ਮਹਾਕਾਲੇਸ਼ਵਰ ਮੰਦਰਾਂ ਦੀ ਮੁੜ-ਬਹਾਲੀ ਤੋਂ ਲੈ ਕੇ ਅਯੋਧਿਆ ਵਿੱਚ ਸ਼ਾਨਦਾਰ ਰਾਮ ਮੰਦਰ ਤੱਕ; ਕੇਦਾਰਨਾਥ ਦੀ ਪੁਨਰ-ਸੁਰਜੀਤੀ ਤੋਂ ਲੈ ਕੇ ਅਣਿਗਣਤ ਵਿਰਾਸਤੀ ਸਥਾਨਾਂ ਦੀ ਸੰਭਾਲ ਤੱਕ ਭਾਰਤ ਆਪਣੀ ਸੱਭਿਅਤਾ ਦੀ ਕਹਾਣੀ ਨੂੰ ਮਾਣ ਅਤੇ ਉਦੇਸ਼ ਨਾਲ ਮੁੜ ਦੋਹਰਾ ਰਿਹਾ ਹੈ। ਇਨ੍ਹਾਂ ਯਤਨਾਂ ਨਾਲ ਸੈਲਾਨੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਸਥਾਨਕ ਲੋਕਾਂ ਲਈ ਰੁਜ਼ਗਾਰ ਅਤੇ ਕਾਰੋਬਾਰ ਦੇ ਕਈ ਮੌਕੇ ਪੈਦਾ ਹੋ ਰਹੇ ਹਨ।

**ਆਲਮੀ ਪਛਾਣ**- ਸੋਮਨਾਥ ਦੀ ਹੀ ਤਰ੍ਹਾਂ ਭਾਰਤ ਵੀ ਹੋਰ ਜ਼ਿਆਦਾ ਮਜ਼ਬੂਤ ਹੋ ਕੇ ਉਭਿਰਆ ਹੈ। ਇਹ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਪ੍ਰਮੁੱਖ ਅਰਥਵਿਵਸਥਾ ਹੋਣ ਦੇ ਨਾਲ-ਨਾਲ ਆਪਣੀ ਅਮੀਰ ਵਿਰਾਸਤ ਅਤੇ ਆਧੁਨਿਕਤਾ ਦੇ ਮਿਸਾਲੀ ਸੰਗਮ ਦੇ ਲਈ ਆਲਮੀ ਪਛਾਣ ਬਣਾ ਰਿਹਾ ਹੈ। 2014 ਵਿੱਚ ਜਦੋਂ ਦੇਸ਼ ਭਾਰੀ ਬਹੁਮਤ ਨਾਲ ਮੋਦੀ ਸਰਕਾਰ ਨੂੰ ਸੱਤਾ ਵਿੱਚ ਲਿਆਇਆ, ਤਾਂ ਸੰਯੁਕਤ ਰਾਸ਼ਟਰ ਮਹਾਸਭਾ ਨੇ ਰਿਕਾਰਡ 175 ਦੇਸ਼ਾਂ ਦੇ ਸਮਰਥਨ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਦਾ ਪ੍ਰਸਤਾਵ ਪਾਸ ਕੀਤਾ। ਯੋਗਾ ਅੱਜ ਇੱਕ ਗਲੋਬਲ ਵੈਲਨੈਸ ਮੁਹਿੰਮ ਬਣ ਚੁੱਕੀ ਹੈ, ਜਿਸ ਨੇ ਦੁਨੀਆ ਦੇ ਸਾਰੇ ਸੱਭਿਆਚਾਰਾਂ ਦੇ ਲੋਕਾਂ ਨੂੰ ਲਾਭ ਪਹੁੰਚਾਇਆ ਹੈ। ਇੱਕ ਦਹਾਕੇ ਬਾਅਦ, ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਪੱਛਮੀ ਏਸ਼ੀਆ ਵਿੱਚ ਸੰਯੁਕਤ ਅਰਬ ਅਮੀਰਾਤ ਸਰਕਾਰ ਦੁਆਰਾ ਤੋਹਫੇ ਵਿੱਚ ਦਿੱਤੀ ਗਈ ਜ਼ਮੀਨ 'ਤੇ ਬਣੇ ਇੱਕ ਸ਼ਾਨਦਾਰ ਮੰਦਰ ਦਾ ਉਦਘਾਟਨ ਕੀਤਾ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਬਿਹਰੀਨ ਵਿਖੇ 200 ਵਰ੍ਹੇ ਪੁਰਾਣੇ ਮੰਦਰ ਦੇ ਪੁਨਰ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ ਸੀ। ਉਹ ਨਿਯਮਿਤ ਤੌਰ 'ਤੇ ਪ੍ਰਵਾਸੀ ਭਾਰਤੀਆਂ ਨਾਲ ਸੰਵਾਦ ਕਰਦੇ ਹਨ ਜਿਸ ਨਾਲ ਉਹ ਭਾਰਤੀ ਸੱਭਿਆਚਾਰਕ ਵਿਰਾਸਤ ਦਾ ਗੌਰਵਸ਼ਾਲੀ ਦੂਤ ਬਣ ਜਾਂਦੇ ਹਨ।

ਆਯੂਸ਼ ਅਤੇ ਯੋਗਾ ਦਾ ਵਿਸ਼ਵੀਕਰਣ-ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਅਤੇ ਰਵਾਇਤੀ ਗਿਆਨ ਪ੍ਰਣਾਲੀਆਂ ਨਾਲ ਜੁੜੇ ਪੇਸ਼ੇਵਰਾਂ ਲਈ ਆਲਮੀ ਮੌਕੇ ਪੈਦਾ ਕਰਨਾ, ਹਾਲ ਹੀ ਦੇ ਵਰ੍ਹਿਆਂ ਵਿੱਚ ਭਾਰਤ ਦੁਆਰਾ ਵਿਕਸਤ ਦੇਸ਼ਾਂ ਨਾਲ ਕੀਤੇ ਗਏ ਮੁਕਤ ਵਪਾਰ ਸਮਝੌਤਿਆਂ (FTAs) ਦਾ ਮਹੱਤਵਪੂਰਨ ਹਿੱਸਾ ਰਿਹਾ ਹੈ। ਸਾਡੇ ਕਾਰੀਗਰਾਂ, ਕਾਮਿਆਂ, ਕਿਸਾਨਾਂ, ਮਛੇਰਿਆਂ, ਛੋਟੇ ਕਾਰੋਬਾਰਾਂ ਅਤੇ ਸਟਾਰਟਅੱਪਸ ਲਈ ਲਾਭਦਾਇਕ ਆਲਮੀ ਮੌਕਿਆਂ ਦੀ ਸਿਰਜਣਾ ਕਰਨ ਦੇ ਨਾਲ-ਨਾਲ ਇਹ ਸਮਝੌਤੇ ਪ੍ਰਧਾਨ ਮੰਤਰੀ ਦੇ ਵਿਕਾਸ ਭੀ, ਵਿਰਾਸਤ ਭੀ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੇ ਹਨ।

ਹਾਲ ਹੀ ਵਿੱਚ ਨਿਊਜ਼ੀਲੈਂਡ ਦੇ ਨਾਲ ਸੰਪੰਨ ਐੱਫਟੀਏ ਰਵਾਇਤੀ ਮੈਡੀਕਲ ਅਤੇ ਹੌਲਿਸਟਿਕ ਹੈਲਥਕੇਅਰ ਸਰਵਿਸਿਜ਼ ਵਿੱਚ ਭਾਰਤ ਦੀ ਆਲਮੀ ਪਹੁੰਚ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਸ ਵਿੱਚ ਆਯੂਸ਼ ਡਾਕਟਰਾਂ ਅਤੇ ਯੋਗਾ ਟਰੇਨਰਾਂ ਦੇ ਨਾਲ-ਨਾਲ ਭਾਰਤੀ ਸੱਭਿਆਚਾਰਕ ਅਤੇ ਗਿਆਨ ਅਧਾਰਿਤ ਪੇਸ਼ੇਵਰਾਂ ਨੂੰ ਨਿਊਜ਼ੀਲੈਂਡ ਵਿੱਚ ਕੰਮ ਕਰਨ ਲਈ ਵੀਜ਼ਾ ਕੋਟਾ ਪ੍ਰਦਾਨ ਕੀਤਾ ਗਿਆ ਹੈ। ਇਹ ਐੱਫਟੀਏ ਆਯੁਰਵੇਦ, ਯੋਗਾ ਅਤੇ ਹੋਰ ਰਵਾਇਤੀ ਮੈਡੀਕਲ ਸਰਵਿਸਿਜ਼ ਦੇ ਵਪਾਰ ਲਈ ਅਨੁਕੂਲ ਵਾਤਾਵਰਣ ਤਿਆਰ ਕਰਦਾ ਹੈ ਅਤੇ ਆਯੂਸ਼ ਨੂੰ ਸਮਕਾਲੀ ਅਤੇ ਆਲਮੀ ਤੌਰ 'ਤੇ ਪ੍ਰਸੰਗਿਕ ਸਿਹਤ ਸਮਾਧਾਨ ਦੇ ਰੂਪ ਵਿੱਚ ਸਥਾਪਿਤ ਕਰਦਾ ਹੈ। ਬ੍ਰਿਟੇਨ, ਯੂਰੋਪੀਅਨ ਯੂਨੀਅਨ ਅਤੇ ਆਸਟਰੇਲੀਆ ਦੇ ਨਾਲ ਹੋਏ ਵਪਾਰ ਸਮਝੌਤਿਆਂ ਵਿੱਚ ਵੀ ਇਸੇ ਤਰ੍ਹਾਂ ਦੇ ਪ੍ਰਬੰਧ ਹਨ। ਯੂਰੋਪੀਅਨ ਯੂਨੀਅਨ ਦੇ ਨਾਲ ਐੱਫਟੀਏ ਆਯੂਸ਼ ਡਾਕਟਰਾਂ ਨੂੰ ਭਾਰਤ ਵਿੱਚ ਪ੍ਰਾਪਤ ਕਾਰੋਬਾਰੀ ਯੋਗਤਾ ਦੇ ਅਧਾਰ 'ਤੇ ਯੂਰੋਪੀਅਨ ਦੇਸ਼ਾਂ ਵਿੱਚ ਸੇਵਾਵਾਂ ਦੇਣ ਦੀ ਪ੍ਰਵਾਨਗੀ ਦੇਵੇਗਾ। ਇਹ ਯੂਰੋਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਵਿੱਚ ਆਯੂਸ਼ ਵੈਲਨੈੱਸ ਸੈਂਟਰ ਅਤੇ ਕਲੀਨਿਕ ਬਣਾਉਣ ਵਿੱਚ ਵੀ ਮਦਦ ਕਰਦਾ ਹੈ।

ਨਵੀਆਂ ਚੁਣੌਤੀਆਂ 'ਤੇ ਜਿੱਤ -ਜਿੱਥੇ ਇੱਕ ਪਾਸੇ ਭਾਰਤ ਦੀ ਸੱਭਿਆਚਾਰਕ ਵਿਰਾਸਤ ਦੁਨੀਆ ਦਾ ਧਿਆਨ ਆਕਰਿਸ਼ਤ ਕਰ ਰਹੀ ਹੈ, ਇਸ ਦੇ ਨਾਲ ਹੀ, ਦੇਸ਼ ਕੱਟੜਪੰਥੀਆਂ ਦਾ ਨਿਸ਼ਾਨਾ ਬਣਿਆ ਹੋਇਆ ਹੈ, ਜੋ ਅੱਤਵਾਦ ਅਤੇ ਘੁਸਪੈਠ ਰਾਹੀਂ ਭਾਰਤ ਦੀ ਸਦਭਾਵਨਾਪੂਰਨ ਵਿਰਾਸਤ ਨੂੰ ਵਿਗਾੜ ਰਹੇ ਹਨ।

ਪ੍ਰਧਾਨ ਮੰਤਰੀ ਸ਼੍ਰੀ ਮੋਦੀ ਦੀ ਅਗਵਾਈ ਹੇਠ, ਨਵਾਂ ਭਾਰਤ ਅਜਿਹੀਆਂ ਚੁਣੌਤੀਆਂ ਦਾ ਜ਼ੋਰਦਾਰ ਜਵਾਬ ਦਿੰਦਾ ਹੈ। 'ਆਪ੍ਰੇਸ਼ਨ ਸਿੰਦੂਰ' ਰਾਹੀਂ ਭਾਰਤ ਨੇ ਅੱਤਵਾਦੀਆਂ ਅਤੇ ਸਰਹੱਦ ਪਾਰ ਮੌਜੂਦ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਢੁਕਵਾਂ ਸਬਕ ਸਿਖਾਇਆ। ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਪੱਛਮ ਬੰਗਾਲ ਦੇ ਵੋਟਰਾਂ ਨੇ ਉਨ੍ਹਾਂ ਪਾਰਟੀਆਂ ਨੂੰ ਨਕਾਰ ਦਿੱਤਾ, ਜੋ ਘੁਸਪੈਠੀਆਂ ਦਾ ਸਮਰਥਨ ਕਰ ਰਹੀਆਂ ਸਨ, ਵੋਟ ਬੈਂਕ ਦੀ ਰਾਜਨੀਤੀ ਕਰ ਰਹੀਆਂ ਸਨ ਅਤੇ ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਕਮਜ਼ੋਰ ਕਰ ਰਹੀਆਂ ਸਨ। ਇਹ ਜ਼ਿਕਰਯੋਗ ਹੈ ਕਿ ਆਪ੍ਰੇਸ਼ਨ ਸਿੰਦੂਰ ਅਤੇ ਸੋਮਨਾਥ ਮੰਦਰ ਦਾ ਪੁਨਰਨਿਰਮਾਣ, ਦੋਵਾਂ ਦੀ ਵਰ੍ਹੇਗੰਢ ਵਿੱਚ ਕੁਝ ਦਿਨਾਂ ਦਾ ਹੀ ਅੰਤਰ ਹੈ। ਇਹ ਦੋਵੇਂ ਭਾਰਤ ਦੀ ਦ੍ਰਿੜ੍ਹਤਾ ਅਤੇ ਸਖਤੀ ਨੂੰ ਦਰਸਾਉਂਦੀਆਂ ਹਨ।

ਸੋਮਨਾਥ ਦੀ ਕਹਾਣੀ ਆਖਰਕਾਰ ਰਾਜਨੀਤੀ ਤੋਂ ਕਿਤੇ ਅੱਗੇ ਹੈ। ਇਹ ਇੱਕ ਅਜਿਹੀ ਸੱਭਿਅਤਾ ਦੀ ਕਹਾਣੀ ਹੈ, ਜਿਸ ਨੇ ਕਦੇ ਆਤਮ-ਸਮਰਪਣ ਨਹੀਂ ਕੀਤਾ। ਆਪਣੇ ਪੁਨਰ ਨਿਰਮਾਣ ਦੇ 75 ਵਰ੍ਹਿਆਂ ਬਾਅਦ, ਅੱਜ ਸੋਮਨਾਥ ਸਿਰਫ਼ ਮੰਦਰ ਨਹੀਂ, ਸਗੋਂ ਭਾਰਤ ਦੀ ਦ੍ਰਿੜ੍ਹਤਾ, ਨਿਰੰਤਰਤਾ ਅਤੇ ਰਾਸ਼ਟਰੀ ਆਤਮਵਿਸ਼ਵਾਸ਼ ਦਾ ਸਦੀਵੀ ਪ੍ਰਤੀਕ ਬਣ ਕੇ ਖੜ੍ਹਿਆ ਹੈ।

(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)


ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ


# ਪ੍ਰੋਟੀਨ ਦਾ ਪਾਵਰਹਾਊਸ ਨਿਊਟਰੀ ! ਮੀਟ-ਆਂਡੇ ਨੂੰ ਵੀ ਦਿੰਦੀ ਹੈ ਮਾਤ

ਅੱਜ ਦੇ ਦੌਰ 'ਚ ਜਿੱਥੇ ਫਿੱਟ ਰਹਿਣ ਲਈ ਲੋਕ ਮਹਿੰਗੇ ਪ੍ਰੋਟੀਨ ਪਾਊਡਰਾਂ ਅਤੇ ਗੈਰ-ਸ਼ਾਕਾਹਾਰੀ ਖਾਣੇ 'ਤੇ ਨਿਰਭਰ ਹਨ, ਉੱਥੇ ਹੀ ਸਾਡੀ ਰਸੋਈ 'ਚ



ਮੌਜੂਦ ਸੋਇਆਬੀਨ ਨਿਊਟਰੀ ਸਿਹਤ ਲਈ ਵਰਦਾਨ ਸਾਬਤ ਹੋ ਰਹੀ ਹੈ। ਨਿਊਟਰੀ 'ਚ ਆਂਡੇ, ਦੁੱਧ ਅਤੇ ਮੀਟ ਨਾਲੋਂ ਵੀ ਕਿਤੇ ਜ਼ਿਆਦਾ ਪ੍ਰੋਟੀਨ ਹੁੰਦਾ ਹੈ, ਜਿਸ ਕਾਰਨ ਇਸ ਨੂੰ ਸ਼ਾਕਾਹਾਰੀ ਮੀਟ ਵੀ ਕਿਹਾ ਜਾਂਦਾ ਹੈ।

**ਪ੍ਰੋਟੀਨ ਦਾ ਪਾਵਰਹਾਊਸ:** ਜੇਕਰ ਤੁਸੀਂ ਮਾਸਪੇਸ਼ੀਆਂ ਬਣਾਉਣਾ ਚਾਹੁੰਦੇ ਹੋ, ਤਾਂ ਨਿਊਟਰੀ ਸਭ ਤੋਂ ਵਧੀਆ ਵਿਕਲਪ ਹੈ। 100 ਗ੍ਰਾਮ ਨਿਊਟਰੀ 'ਚ ਲਗਭਗ 52 ਗ੍ਰਾਮ ਪ੍ਰੋਟੀਨ ਹੁੰਦਾ ਹੈ, ਜੋ ਸਰੀਰਕ ਵਿਕਾਸ ਲਈ ਬੇਹੱਦ ਜ਼ਰੂਰੀ ਹੈ।

**ਦਿਲ ਦੀ ਸਿਹਤ ਲਈ ਵਰਦਾਨ:** ਨਿਊਟਰੀ ਸਰੀਰ 'ਚੋਂ ਬੁਰੇ ਕੋਲੇਸਟ੍ਰੋਲ ਨੂੰ ਘਟਾਉਣ 'ਚ ਮਦਦ ਕਰਦੀ ਹੈ। ਇਹ ਦਿਲ ਦੀਆਂ ਨਾੜੀਆਂ ਨੂੰ ਸਾਫ਼ ਰੱਖਦੀ ਹੈ, ਜਿਸ ਨਾਲ ਹਾਰਟ ਅਟੈਕ ਵਰਗੀਆਂ ਬੀਮਾਰੀਆਂ ਦਾ ਖ਼ਤਰਾ ਘੱਟ ਜਾਂਦਾ ਹੈ।

**ਭਾਰ ਘਟਾਉਣ 'ਚ ਸਹਾਇਕ :** ਇਸ 'ਚ ਫਾਈਬਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਨੂੰ ਖਾਣ ਤੋਂ ਬਾਅਦ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ, ਜਿਸ ਨਾਲ ਵਾਰ-ਵਾਰ ਭੁੱਖ ਨਹੀਂ ਲੱਗਦੀ ਅਤੇ ਵਜ਼ਨ ਕੰਟਰੋਲ 'ਚ ਰਹਿੰਦਾ ਹੈ।

**ਹੱਡੀਆਂ ਬਣਨਗੀਆਂ ਮਜ਼ਬੂਤ:** ਨਿਊਟਰੀ 'ਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਭਰਪੂਰ ਹੁੰਦਾ ਹੈ, ਜੋ ਹੱਡੀਆਂ ਨੂੰ ਕਮਜ਼ੋਰ ਹੋਣ ਤੋਂ ਬਚਾਉਂਦਾ ਹੈ ਅਤੇ ਜੋੜਾਂ ਦੇ ਦਰਦ 'ਚ ਰਾਹਤ ਦਿੰਦਾ ਹੈ।

**ਖ਼ੂਨ ਦੀ ਕਮੀ ਹੋਵੇਗੀ ਦੂਰ:** ਅਨੀਮੀਆ ਜਾਂ ਖ਼ੂਨ ਦੀ ਕਮੀ ਤੋਂ ਜੂਝ ਰਹੇ ਲੋਕਾਂ ਲਈ ਨਿਊਟਰੀ ਬਹੁਤ ਫਾਇਦੇਮੰਦ ਹੈ ਕਿਉਂਕਿ ਇਸ 'ਚ ਆਇਰਨ ਦੀ ਮਾਤਰਾ ਕਾਫ਼ੀ ਚੰਗੀ ਹੁੰਦੀ ਹੈ।

# ਬਾਲੀਵੁੱਡ ਅਦਾਕਾਰਾ ਪ੍ਰੀਟੀ ਜ਼ਿੰਟਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੋਈ ਨਤਮਸਤਕ

ਅੰਮ੍ਰਿਤਸਰ, 10 ਮਈ (ਬਬਲੂ ਮਹਾਜਨ) : ਬਾਲੀਵੁੱਡ ਅਦਾਕਾਰਾ ਅਤੇ ਆਈਪੀਐਲ ਟੀਮ ਕਿੰਗਜ਼ ਇਲੈਵਨ ਪੰਜਾਬ ਦੀ ਮਾਲਕਿਨ ਪ੍ਰੀਤੀ ਜ਼ਿੰਟਾ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਗੁਰੂ ਘਰ ਵਿੱਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕੀਤਾ। ਪ੍ਰੀਟੀ ਜ਼ਿੰਟਾ ਦੇ ਦਰਸ਼ਨਾਂ ਲਈ ਸੰਗਤਾਂ ਵਿੱਚ ਵੀ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।ਗੁਰੂ ਘਰ ਵਿੱਚ ਮੱਥਾ ਟੇਕਣ ਤੋਂ ਬਾਅਦ ਪ੍ਰੀਟੀ ਜ਼ਿੰਟਾ ਨੇ ਲੰਗਰ ਹਾਲ ਵਿੱਚ ਜਾ ਕੇ ਸੇਵਾ ਵੀ ਨਿਭਾਈ। ਉਨ੍ਹਾਂ ਨੇ ਸੰਗਤਾਂ ਨੂੰ ਲੰਗਰ ਵਰਤਾਇਆ



ਅਤੇ ਸੇਵਾ ਭਾਵਨਾ ਨਾਲ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਈ। ਇਸ ਦੌਰਾਨ ਕਈ ਸ਼ਰਧਾਲੂਆਂ ਨੇ ਉਨ੍ਹਾਂ ਨਾਲ ਤਸਵੀਰਾਂ ਵੀ ਖਿੱਚਵਾਈਆਂ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪ੍ਰੀਟੀ ਜ਼ਿੰਟਾ ਨੇ ਕਿਹਾ ਕਿ ਬਸ ਬਾਬਾ ਜੀ ਦਾ ਬੁਲਾਵਾ ਆਇਆ ਸੀ, ਅਸੀਂ ਆ ਗਏ। ਉਨ੍ਹਾਂ ਕਿਹਾ ਕਿ 11 ਤਾਰੀਖ ਨੂੰ ਟੀਮ ਦਾ ਅਹਿਮ ਮੈਚ ਹੈ ਅਤੇ ਉਹ ਵਾਹਿਗੁਰੂ ਅੱਗੇ ਪੰਜਾਬ ਦੀ ਜਿੱਤ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ ਟੀਮ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਅਤੇ ਸਾਰੇ ਮੈਚ ਜਿੱਤਣ ਦੀ ਕੋਸ਼ਿਸ਼ ਕਰੇਗੀ।ਪ੍ਰੀਟੀ ਜ਼ਿੰਟਾ ਨੇ ਪੰਜਾਬ ਦੀ ਆਈਪੀਐਲ ਟੀਮ ਦੇ ਕਪਤਾਨ Shreyas Iyer ਬਾਰੇ ਵੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਸਰਪੰਚ ਕਹਿ ਕੇ ਬੁਲਾਉਣਾ ਬਹੁਤ ਮਾਣ ਅਤੇ ਪਿਆਰ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਵੱਲੋਂ ਟੀਮ ਨੂੰ ਬਹੁਤ ਪਿਆਰ ਮਿਲ ਰਿਹਾ ਹੈ, ਜਿਸ ਲਈ ਉਹ ਸਭ ਦਾ ਧੰਨਵਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪਿਆਰ ਅਤੇ ਸਮਰਥਨ ਹੀ ਟੀਮ ਲਈ ਸਭ ਤੋਂ ਵੱਡੀ ਤਾਕਤ ਹੈ।

# ਵਿਨੀਪੈਗ ਵਿੱਚ ਸਿੱਖ ਲੜਕੇ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਿਆ

ਵਿਨੀਪੈਗ, 10 ਮਈ (ਚ.ਨ.ਸ.) : ਵਿਨੀਪੈਗ ਦੇ ਸਿੱਖ ਵਿਅਕਤੀ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਵਿਅਕਤੀ ਦਾ ਕਹਿਣਾ ਹੈ ਕਿ ਉਸ ਨੂੰ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰਨ ਤੋਂ ਬਾਅਦ ਪੁਲੀਸ ਭਰਤੀ ਪ੍ਰੀਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲੀਸ ਅਧਿਕਾਰੀ ਬਣਨ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, ਮੇਰੇ ਨਾਲ ਵਿਤਕਰਾ ਹੋਇਆ ਹੈ ਅਤੇ ਕੈਨੇਡਾ ਵਿੱਚ ਧਾਰਮਿਕ ਅਤੇ ਚਾਰਟਰ ਅਧਿਕਾਰਾਂ ਬਾਰੇ ਸਵਾਲ ਖੜ੍ਹੇ ਕਰ ਰਿਹਾ ਹੈ।ਜਸਪਾਲ ਸਿੰਘ ਗਿੱਲ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੁਲੀਸ ਅਧਿਕਾਰੀ ਬਣਨਾ ਚਾਹੁੰਦਾ ਸੀ ਅਤੇ ਉਹ ਲੰਬੇ ਸਮੇਂ ਤੋਂ ਇਸ ਦੀ ਤਿਆਰੀ ਕਰ ਰਿਹਾ ਸੀ ਅਤੇ ਉਸ ਦਾ ਪੁਲੀਸ ਸੇਵਾ ਵਿੱਚ ਸ਼ਾਮਲ ਹੋਣਾ ਇਕ ਨਿੱਜੀ ਟੀਚਾ ਵੀ ਸੀ ਕਿਉਂਕਿ ਉਸ ਦੇ ਦਾਦਾ ਅਤੇ ਪਿਤਾ ਭਾਰਤ ਵਿੱਚ ਪੁਲੀਸ ਅਧਿਕਾਰੀ ਸਨ। ਗਿੱਲ ਜੋ ਕੇ 2021 ਵਿੱਚ ਭਾਰਤ ਤੋਂ ਨਿਊ ਬਰੰਜ਼ਵਿਕ ਵਿਚ ਆਇਆ ਸੀ ਅਤੇ 2024 ਵਿੱਚ ਉਹ ਕੈਨੇਡਾ ਦਾ ਸਥਾਈ ਨਿਵਾਸੀ ਬਣ ਗਿਆ ਅਤੇ ਪਿਛਲੀਆਂ ਗਰਮੀਆਂ ਵਿੱਚ ਹੀ ਉਹ ਵਿਨੀਪੈਗ ਆਇਆ ਸੀ ।ਉਸ ਨੇ ਕਿਹਾ ਕਿ ਉਹ ਕੈਨੇਡਾ ਪਹੁੰਚਣ ਤੋਂ ਬਾਅਦ ਪੁਲੀਸ ਭਰਤੀ ਪ੍ਰੀਖਿਆਵਾਂ ਲਈ ਪੜ੍ਹ ਰਿਹਾ ਹੈ ਅਤੇ ਉਸ ਨੇ ਅਪਰੈਲ ਦੇ ਅਖੀਰ ਵਿੱਚ ਪੁਲੀਸ ਦੇ ਡਾਊਨ ਟਾਊਨ ਹੈੱਡਕੁਆਰਟਰ ਵਿੱਚ ਵਿਨੀਪੈਗ ਪੁਲੀਸ ਸਰਵਿਸ ਵਾਸਤੇ ਅਪਲਾਈ ਕੀਤਾ ਸੀ। ਪਰ ਪ੍ਰੀਖਿਆ ਕੇਂਦਰ ਵਿਚ ਜਦੋਂ ਇਕ ਅਧਿਕਾਰੀ ਨੇ ਕਿਹਾ, @ਤੁਹਾਨੂੰ ਪ੍ਰੀਖਿਆ ਦੇਣ ਲਈ ਆਪਣੀ ਕਿਰਪਾਨ ਉਤਾਰਨੀ ਪਏਗੀ।' ਜਸਪਾਲ ਸਿੰਘ ਗਿੱਲ ਨੇ ਕਕਾਰਾਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅਸੀਂ ਇਸ ਨੂੰ ਹਿੰਮਤ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦੀ ਆਪਣੀ ਜ਼ਿੰਮੇਵਾਰੀ ਦੇ ਪ੍ਰਤੀਕ ਵਜੋਂ ਪਹਿਨਦੇ ਹਾਂ, ਪਰ ਭਰਤੀ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਤੱਕ ਉਹ ਕਿਰਪਾਨ ਨਹੀਂ ਸੌਂਪ ਦਿੰਦੇ ਉਦੋਂ ਤੱਕ ਉਨ੍ਹਾਂ ਨੂੰ ਪ੍ਰੀਖਿਆ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਬਜਾਏ ਇਮਤਿਹਾਨ ਨਾ ਲਿਖਣ ਦਾ ਫ਼ੈਸਲਾ ਕੀਤਾ। ਗਿੱਲ ਨੇ ਕਿਹਾ, ਹੋਰ ਸਾਰੇ ਮੈਂਬਰਜ਼ ਨੂੰ ਇਮਤਿਹਾਨ ਲਿਖਣ ਦੀ ਆਗਿਆ ਸੀ, ਪਰ ਮੈਨੂੰ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਮੈਂ ਸ੍ਰੀ ਸਾਹਿਬ ਧਾਰਨ ਕੀਤੀ ਹੋਈ ਸੀ। ਵਿਨੀਪੈਗ ਪੁਲੀਸ ਦਾ ਕਹਿਣਾ ਹੈ ਕਿ ਪ੍ਰੀਖਿਆ ਦੌਰਾਨ ਸੁਰੱਖਿਅਤ ਸਟੋਰੇਜ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਗਿੱਲ ਨੇ ਇਨਕਾਰ ਕਰ ਦਿੱਤਾ।



# ਆਸਟ੍ਰੇਲੀਆ ਨੇ ਭਾਰਤੀ ਮਸਾਲਿਆਂ ਦੀ ਜਾਂਚ ਵਧਾਈ; ਰਸਾਇਣਕ ਤੱਤ ਮਿਲਣ 'ਤੇ ਹੋਵੇਗੀ ਕਾਰਵਾਈ

ਸਿਡਨੀ, 10 ਮਈ (ਚ.ਨ.ਸ.) : ਆਸਟਰੇਲੀਆ ਨੇ ਭਾਰਤ ਸਮੇਤ ਕਈ ਮੁਲਕਾਂ ਤੋਂ ਆਉਣ ਵਾਲੇ ਮਸਾਲਿਆਂ 'ਤੇ ਸਖ਼ਤ ਨਿਗਰਾਨੀ ਵਧਾ ਦਿੱਤੀ ਹੈ। ਆਸਟਰੇਲੀਆ ਹਰ ਸਾਲ ਭਾਰਤ, ਸ੍ਰੀਲੰਕਾ, ਵੀਅਤਨਾਮ, ਚੀਨ ਅਤੇ ਹੋਰ ਏਸ਼ੀਆਈ ਦੇਸ਼ਾਂ ਤੋਂ ਕਰੋੜਾਂ ਡਾਲਰ ਦੇ ਮਸਾਲੇ ਮੰਗਵਾਉਂਦਾ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਮਸਾਲਾ ਨਿਰਯਾਤਕ ਹੈ ਅਤੇ ਸਾਲ 2024-2025 ਵਿੱਚ ਵੀ ਭਾਰਤੀ ਮਸਾਲਿਆਂ ਦੀ ਆਸਟਰੇਲੀਆ ਸਮੇਤ ਵਿਸ਼ਵ ਪੱਧਰ 'ਤੇ ਮੰਗ ਮਜ਼ਬੂਤ ਰਹੀ ਹੈ।ਕੁਝ ਭਾਰਤੀ ਮਸਾਲਾ ਉਤਪਾਦਾਂ ਵਿੱਚ ਈਥਾਈਲੀਨ ਆਕਸਾਈਡ ਵਰਗੇ ਰਸਾਇਣਕ ਤੱਤਾਂ ਦੇ ਦੋਸ਼ਾਂ ਤੋਂ ਬਾਅਦ ਫੂਡ ਸਟੈਂਡਰਡਜ਼ ਆਸਟਰੇਲੀਆ ਨਿਊਜ਼ੀਲੈਂਡ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਸਾਂਝੇਦਾਰਾਂ ਅਤੇ ਸੂਬਾਈ ਏਜੰਸੀਆਂ ਨਾਲ ਮਿਲ ਕੇ ਮਾਮਲੇ ਦੀ ਜਾਂਚ ਕਰ ਰਹੇ ਹਨ। ਅਥਾਰਟੀ ਨੇ ਸਪੱਸ਼ਟ ਕੀਤਾ ਕਿ ਆਸਟਰੇਲੀਆ ਵਿੱਚ ਖਾਦ ਪਦਾਰਥਾਂ ਲਈ ਇਸ ਰਸਾਇਣ ਦੀ ਵਰਤੋਂ ਨੂੰ ਮਨਜ਼ੂਰੀ ਨਹੀਂ ਦਿੰਦਾ।ਆਸਟਰੇਲੀਆ ਦੇ ਖੇਤੀਬਾੜੀ ਵਿਭਾਗ ਮੁਤਾਬਕ ਸੁੱਕੇ ਮਸਾਲੇ, ਮਿਰਚ, ਕਾਲੀ ਮਿਰਚ, ਹਲਦੀ ਅਤੇ ਮਿਲੇ-ਜੁਲੇ ਮਸਾਲਿਆਂ ਨੂੰ ਮਿਲਾਵਟ ਦੀ ਖਤਰਾ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਕਾਰਨ ਮੁਲਕ ਦੀਆਂ ਬੰਦਰਗਾਹ ਸਰਹੱਦਾਂ 'ਤੇ ਖਾਸ ਜਾਂਚ ਅਤੇ ਲੈਬ ਟੈਸਟ ਵਧਾਏ ਗਏ ਹਨ।ਮਿਲਾਵਟ, ਗਲਤ ਲੇਬਲਿੰਗ ਜਾਂ ਅਸੁਰੱਖਿਅਤ ਖਾਦ ਪਦਾਰਥ ਸਾਬਤ ਹੋਣ 'ਤੇ ਦੋਸ਼ੀਆਂ ਨੂੰ ਨਿਯਮਾਂ ਤਹਿਤ ਲਗਪਗ 18,780 ਤੋਂ 93,900 ਆਸਟਰੇਲੀਆਈ ਡਾਲਰ ਤੱਕ ਜੁਰਮਾਨਾ, ਸਮਾਨ ਜ਼ਬਤ ਕਰਨ ਜਾਂ ਕਾਰੋਬਾਰ 'ਤੇ ਪਾਬੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਵਧਦੀ ਮੰਗ ਨਾਲ ਨਕਲੀ ਮਸਾਲਿਆਂ ਦਾ ਖਤਰਾ ਵੀ ਵਧਿਆ ਹੈ। ਸਰਕਾਰ ਨੇ ਸਪੱਸ਼ਟ ਕਿਹਾ ਕਿ ਆਸਟਰੇਲੀਆ ਵੱਲੋਂ ਖੁਰਾਕੀ ਵਸਤਾਂ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਹੀਂ ਹੈ। ਕੁਝ ਭਾਰਤੀ ਕਾਰੋਬਾਰੀਆਂ ਨੂੰ ਜੁਰਮਾਨੇ ਤੇ ਕੰਪਨੀਆਂ ਦੇ ਲਾਇਸੈਂਸ ਵੀ ਰੱਦ ਹੋਣ ਦਾ ਪਤਾ ਲੱਗਾ ਹੈ।



# ਇੰਗਲੈਂਡ ਦੀਆਂ ਸਥਾਨਕ ਚੋਣਾਂ 'ਚ ਲੇਬਰ ਪਾਰਟੀ ਨੂੰ ਵੱਡਾ ਝਟਕਾ, ਰੀਫਾਰਮ ਯੂ.ਕੇ. ਦੀ ਜਿੱਤ

ਲੰਡਨ, 10 ਮਈ (ਚ.ਨ.ਸ.) : ਇੰਗਲੈਂਡ 'ਚ 2026 ਦੀਆਂ ਸਥਾਨਕ ਚੋਣਾਂ ਦੇ ਨਤੀਜਿਆਂ ਨੇ ਬ੍ਰਿਟਿਸ਼ ਸਿਆਸਤ ਵਿਚ ਵੱਡੇ ਬਦਲਾਅ ਦੇ ਸੰਕੇਤ ਦਿੱਤੇ ਹਨ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਪਾਰਟੀ ਨੂੰ ਕਈ ਰਵਾਇਤੀ ਗੜ੍ਹਾਂ ਵਿਚ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ, ਜਦਕਿ ਨਾਈਜਲ ਫਰਾਜ ਦੀ ਅਗਵਾਈ ਵਾਲੀ ਰੀਫਾਰਮ ਯੂ.ਕੇ. ਪਾਰਟੀ ਨੇ ਰਿਕਾਰਡ ਤੋੜ ਪ੍ਰਦਰਸ਼ਨ ਕੀਤਾ। ਪਿਛਲੇ 14 ਸਾਲਾਂ ਤੋਂ ਬਰਮਿੰਘਮ ਸਿਟੀ ਕੌਂਸਲ, ਜੋ ਲੇਬਰ ਦੇ ਕਬਜ਼ੇ ਹੇਠ ਸੀ, ਉੱਥੇ ਵੀ ਪਾਰਟੀ ਆਪਣਾ ਕੰਟਰੋਲ ਬਚਾਉਣ ਵਿਚ ਅਸਫਲ ਰਹੀ। ਸਥਾਨਕ ਮੁੱਦੇ, ਆਰਥਿਕ ਦਬਾਅ, ਇਮੀਗ੍ਰੇਸ਼ਨ ਅਤੇ ਲੋਕਾਂ ਦੀ ਨਾਰਾਜ਼ਗੀ ਨੂੰ ਇਸ ਨਤੀਜੇ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਰੀਫਾਰਮ ਯੂ.ਕੇ. ਨੇ ਇਕ ਹਜ਼ਾਰ ਤੋਂ ਵੱਧ ਕੌਂਸਲ ਸੀਟਾਂ ਜਿੱਤ ਕੇ ਕਈ ਕੌਂਸਲਾਂ 'ਤੇ ਕਬਜ਼ਾ ਕਰ ਲਿਆ ਹੈ। ਲੇਬਰ ਪਾਰਟੀ ਨੇ ਸੈਂਕੜੇ ਸੀਟਾਂ ਗੁਆਈਆਂ ਹਨ, ਜਦਕਿ ਕੰਜ਼ਰਵੇਟਿਵ ਪਾਰਟੀ ਨੂੰ ਵੀ ਨੁਕਸਾਨ ਝੱਲਣਾ ਪਿਆ। ਕਈ ਥਾਵਾਂ 'ਤੇ ਗ੍ਰੀਨ ਪਾਰਟੀ ਅਤੇ ਲਿਬਰਲ ਡੈਮੋਕ੍ਰੇਟਸ ਨੇ ਵੀ ਮਹੱਤਵਪੂਰਨ ਵਾਧਾ ਦਰਜ ਕੀਤਾ।ਰੀਫਾਰਮ ਯੂ.ਕੇ. ਨੇ ਖ਼ਾਸ ਤੌਰ 'ਤੇ ਉੱਤਰੀ ਇੰਗਲੈਂਡ ਅਤੇ ਮਿਡਲੈਂਡਜ਼ ਵਿਚ ਲੇਬਰ ਦੇ ਪੁਰਾਣੇ ਵੋਟ ਬੈਂਕ ਵਿਚ ਵੱਡੀ ਸੱਟ ਮਾਰੀ ਹੈ। ਨਿਊਕੈਸਲ-ਅੰਡਰ-ਲਾਈਮ ਵਰਗੀਆਂ ਕੌਂਸਲਾਂ ਵਿਚ ਰੀਫਾਰਮ ਨੇ ਪੂਰਾ ਬਹੁਮਤ ਹਾਸਲ ਕੀਤਾ। ਲੰਡਨ ਦੇ ਈਲਿੰਗ ਕੌਂਸਲ ਵਿਚ ਲੇਬਰ ਪਾਰਟੀ ਵਿਚ ਧੀਰ ਪਰਿਵਾਰ ਦੇ ਤਿੰਨ ਮੈਂਬਰ ਕੌਂਸਲਰ ਬਣੇ ਹਨ। ਇਸੇ ਤਰ੍ਹਾਂ ਵੱਖ-ਵੱਖ ਵਾਰਡਾਂ ਵਿਚ ਜਗਜੀਤ ਸਿੰਘ ਹਰਦੋ ਪ੍ਰਹੌਲਾ, ਰਾਜੂ ਸੰਸਾਰਪੁਰੀ, ਜਸਬੀਰ ਕੌਰ ਆਨੰਦ, ਪਰਵੀਨ ਕਮਲੇਸ਼ ਆਨੰਦ, ਚਰਨ ਬਾਲਾ ਸ਼ਰਮਾ, ਕਮਲਜੀਤ, ਕਮਲਪ੍ਰੀਤ ਕੌਰ, ਟੋਨੀ ਗਿੱਲ, ਗੁਰਸ਼ਰਨ ਸਿੰਘ ਮੰਡ, ਰਣਜੀਤ ਧੀਰ, ਹਰਭਜਨ ਕੌਰ ਧੀਰ, ਕਨਵਲ ਕੌਰ ਬੈਂਸ, ਕਰਮ ਚੰਦ ਮੋਹਨ ਵੀ ਮੁੜ ਕੌਂਸਲਰ ਚੁਣੇ ਗਏ ਹਨ।



# ਸ਼ਿਵਰਾਜ ਸਿੰਘ ਚੌਹਾਨ ਨੇ ਭੇਰੂੰਡਾ ਤੋਂ ਪੀ.ਐਮ.ਜੀ.ਐਸ.ਵਾਈ. ਦੀ ਕੀਤੀ ਸ਼ੁਰੂਆਤ

ਨਵੀਂ ਦਿੱਲੀ, 10 ਮਈ (ਚ.ਨ.ਸ.) :ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਐਤਵਾਰ ਨੂੰ ਮੱਧ ਪ੍ਰਦੇਸ਼ ਦੇ



ਸੇਹੋਰ ਜ਼ਿਲ੍ਹੇ ਦੇ ਭੇਰੂੰਡਾ ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ 25 ਸਾਲ ਪੂਰੇ ਹੋਣ ਦੇ ਸਿਲਵਰ ਜੁਬਲੀ ਸਮਾਰੋਹ ਵਿੱਚ ਪੀ.ਐਮ.ਜੀ.ਐਸ.ਵਾਈ.-IV ਦਾ ਉਦਘਾਟਨ ਕੀਤਾ, ਕਈ ਪ੍ਰਮੁੱਖ ਸੜਕ, ਰਿਹਾਇਸ਼ ਅਤੇ ਪੇਂਡੂ ਵਿਕਾਸ ਪਹਿਲਕਦਮੀਆਂ ਨੂੰ ਰਾਜ ਨੂੰ ਸਮਰਪਿਤ ਕੀਤਾ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ, ਪੇਂਡੂ ਵਿਕਾਸ ਅਤੇ ਸੰਚਾਰ ਰਾਜ ਮੰਤਰੀ ਡਾ. ਚੰਦਰਸ਼ੇਖਰ ਪੇਮਾਸਾਨੀ, ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ, ਸ਼੍ਰੀ ਕਮਲੇਸ਼ ਪਾਸਵਾਨ, ਰਾਜ ਮੰਤਰੀ, ਸ਼੍ਰੀ ਕਰਨ ਸਿੰਘ ਵਰਮਾ, ਅਤੇ ਵਿਧਾਇਕ ਵੀ ਇਸ ਮੌਕੇ ਤੇ ਮੌਜੂਦ ਸਨ।

ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ PMGSY-IV ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਪਿੰਡਾਂ ਦੀਆਂ ਸੜਕਾਂ ਸਿਰਫ਼ ਸੜਕਾਂ ਨਹੀਂ ਹਨ, ਸਗੋਂ ਖੁਸ਼ਹਾਲੀ, ਸਨਮਾਨ, ਸਿੱਖਿਆ, ਸਿਹਤ ਸੇਵਾਵਾਂ, ਬਾਜ਼ਾਰਾਂ ਅਤੇ ਮੌਕਿਆਂ ਦੇ ਪ੍ਰਵੇਸ਼ ਦੁਆਰ ਹਨ। ਮੁੱਖ ਮੰਤਰੀ ਡਾ. ਮੋਹਨ ਯਾਦਵ ਦੀ ਮੌਜੂਦਗੀ ਵਿੱਚ, ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਪਿੰਡਾਂ, ਗਰੀਬਾਂ, ਕਿਸਾਨਾਂ ਅਤੇ ਔਰਤਾਂ ਦੇ ਜੀਵਨ ਵਿੱਚ ਠੋਸ ਬਦਲਾਅ ਲਿਆਉਣ ਲਈ ਵਚਨਬੱਧ ਹੈ। ਆਪਣੇ ਸੰਬੋਧਨ ਵਿੱਚ, ਸ਼੍ਰੀ ਚੌਹਾਨ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ, ਭਾਰਤ ਇੱਕ ਸ਼ਾਨਦਾਰ, ਮਾਣਮੱਤਾ, ਸਵੈ-ਨਿਰਭਰ, ਖੁਸ਼ਹਾਲ ਅਤੇ ਵਿਕਸਤ ਰਾਸ਼ਟਰ ਬਣਨ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਸਮਾਗਮ ਵਿੱਚ, ਮੱਧ ਪ੍ਰਦੇਸ਼ ਨੂੰ 1,763.08 ਕਰੋੜ ਦੀ ਕੁੱਲ ਲਾਗਤ ਨਾਲ 2,117.52 ਕਿਲੋਮੀਟਰ ਲੰਬਾਈ ਵਾਲੀਆਂ 973 ਸੜਕਾਂ ਲਈ ਪ੍ਰਵਾਨਗੀ ਮਿਲੀ, ਜਿਸ ਨਾਲ PMGSY-IV ਅਧੀਨ 987 ਬਸਤੀਆਂ। ਇਸ ਕ੍ਰਮ ਵਿੱਚ, ਵਿਦਿਸ਼ਾ ਖੇਤਰ ਲਈ ਕੁੱਲ 600.393 ਕਿਲੋਮੀਟਰ ਦੀਆਂ 259 ਸੜਕਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ 264 ਬਸਤੀਆਂ ਨੂੰ ਲਾਭ ਹੋਵੇਗਾ ਅਤੇ ਖੇਤਰੀ ਸੰਪਰਕ ਨੂੰ ਮਹੱਤਵਪੂਰਨ ਤੌਰ ਤੇ ਮਜ਼ਬੂਤੀ ਮਿਲੇਗੀ।

ਸ਼੍ਰੀ ਚੌਹਾਨ ਨੇ ਕਿਹਾ ਕਿ ਵਿਦਿਸ਼ਾ ਸੰਸਦੀ ਹਲਕੇ ਵਿੱਚ 500 ਕਰੋੜ ਤੋਂ ਵੱਧ ਦੀਆਂ ਸੜਕਾਂ ਬਣਾਈਆਂ ਜਾਣਗੀਆਂ, ਅਤੇ ਉਨ੍ਹਾਂ ਦੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਪਿੰਡ ਸੜਕ ਤੋਂ ਬਿਨਾਂ ਨਾ ਰਹੇ। ਉਨ੍ਹਾਂ ਇਹ ਵੀ ਸਪੱਸ਼ਟ ਤੌਰ ਤੇ ਕਿਹਾ ਕਿ ਮੱਧ ਪ੍ਰਦੇਸ਼ ਵਿੱਚ ਸਾਰੀਆਂ ਯੋਗ ਸੜਕਾਂ ਜੋ PMGSY ਮਾਪਦੰਡਾਂ ਨੂੰ ਪੂਰਾ ਕਰਦੀਆਂ ਹਨ, ਨੂੰ ਮਨਜ਼ੂਰੀ ਦਿੱਤੀ ਜਾਵੇਗੀ।

# ਲੇਬਨਾਨ 'ਤੇ ਟੁੱਟਿਆ ਇਜ਼ਰਾਈਲ ਦਾ ਕਹਿਰ, ਹਮਲਿਆਂ 'ਚ 39 ਹਲਾਕ

ਬੇਰੂਤ/ਤੇਲ ਅਵੀਵ, 10 ਮਈ (ਚ.ਨ.ਸ.) : ਇਜ਼ਰਾਈਲ ਅਤੇ ਲੇਬਨਾਨ ਵਿਚਾਲੇ ਚੱਲ ਰਹੀ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ। ਲੇਬਨਾਨ ਦੇ ਸਿਹਤ ਮੰਤਰਾਲੇ ਅਨੁਸਾਰ ਇਜ਼ਰਾਈਲ ਵੱਲੋਂ ਕੀਤੇ ਗਏ ਤਾਜ਼ਾ ਭਿਆਨਕ ਹਮਲਿਆਂ ਵਿੱਚ ਘੱਟੋ-ਘੱਟ 39 ਲੋਕ ਮਾਰੇ ਗਏ ਹਨ। ਸਭ ਤੋਂ ਭਿਆਨਕ ਹਮਲਾ ਦੱਖਣੀ ਸ਼ਹਿਰ ਸਕਸਾਕੀਆ ਵਿੱਚ ਹੋਇਆ, ਜਿੱਥੇ ਇੱਕ ਮਾਸੂਮ ਬੱਚੀ ਸਮੇਤ 7 ਲੋਕਾਂ ਦੀ ਮੌਤ ਹੋ ਗਈ।ਲੇਬਨਾਨ ਦੀ ਸਰਕਾਰੀ ਸਮਾਚਾਰ ਏਜੰਸੀ (©©1) ਅਨੁਸਾਰ ਇਜ਼ਰਾਈਲੀ ਫੌਜ (946) ਨੇ ਦੱਖਣੀ ਲੇਬਨਾਨ ਦੇ ਕਈ ਇਲਾਕਿਆਂ ਵਿੱਚ ਹਵਾਈ ਹਮਲੇ ਕੀਤੇ। ਸਕਸਾਕੀਆ ਵਿੱਚ ਹੋਏ ਹਮਲੇ ਵਿੱਚ 7 ਲੋਕਾਂ ਦੀ ਮੌਤ ਤੋਂ ਇਲਾਵਾ 15 ਹੋਰ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਹਨ। ਦੂਜੇ ਪਾਸੇ ਇਜ਼ਰਾਈਲੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਅੱਤਵਾਦੀ ਸਮੂਹ ਹਿਜ਼ਬੁੱਲਾ ਵੱਲੋਂ ਫੌਜੀ ਉਦੇਸ਼ਾਂ ਲਈ ਵਰਤੀ ਜਾ ਰਹੀ ਇੱਕ ਇਮਾਰਤ ਨੂੰ ਨਿਸ਼ਾਨਾ ਬਣਾਇਆ ਸੀ। ਫੌਜ ਅਨੁਸਾਰ ਹਮਲੇ ਤੋਂ ਪਹਿਲਾਂ ਨਾਗਰਿਕਾਂ ਦੇ ਨੁਕਸਾਨ ਨੂੰ ਘਟਾਉਣ ਲਈ ਕਦਮ ਚੁੱਕੇ ਗਏ ਸਨ, ਪਰ ਉਹ ਨਿਰਦੋਸ਼ ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਤੋਂ ਜਾਣੂ ਹਨ।



# ਪਹਿਲੀ ਵਾਰ ਜੰਗ ਖ਼ਤਮ ਕਰਨ ਲਈ ਰਾਜ਼ੀ ਹੋਏ ਪੁਤਿਨ !

ਮਾਸਕੋ, 10 ਮਈ (ਚ.ਨ.ਸ.) : ਅਮਰੀਕਾ-ਇਰਾਨ ਦੀ ਜੰਗ ਜਦੋਂ ਹੁਣ ਸ਼ਾਂਤੀ ਵੱਲ ਵਧ ਰਹੀ ਹੈ, ਉੱਥੇ ਹੀ ਰੂਸ-ਯੂਕ੍ਰੇਨ ਵਿਚਾਲੇ ਲੰਬੇ ਸਮੇਂ ਤੋਂ ਚੱਲਦੀ



ਆ ਰਹੀ ਜੰਗ ਹੁਣ 5ਵੇਂ ਸਾਲ 'ਚ ਦਾਖ਼ਲ ਹੋ ਚੁੱਕੀ ਹੈ। ਇਸੇ ਵਿਚਕਾਰ ਇੱਕ ਵੱਡਾ ਕੂਟਨੀਤਕ ਮੋੜ ਸਾਹਮਣੇ ਆਇਆ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪਹਿਲੀ ਵਾਰ ਜਨਤਕ ਤੌਰ 'ਤੇ ਯੂਕ੍ਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਰੂਸ ਤੋਂ ਬਾਹਰ ਕਿਸੇ ÷ਤੀਜੇ ਦੇਸ਼÷ ਵਿੱਚ ਮੁਲਾਕਾਤ ਕਰਨ ਦੀ ਸੰਭਾਵਨਾ ਪ੍ਰਗਟਾਈ ਹੈ। ਹਾਲਾਂਕਿ, ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਮੁਲਾਕਾਤ ਸਿਰਫ਼ ਅੰਤਿਮ ਸਮਝੌਤੇ 'ਤੇ ਮੋਹਰ ਲਗਾਉਣ ਲਈ ਹੋਵੇਗੀ, ਨਾ ਕਿ ਗੱਲਬਾਤ ਸ਼ੁਰੂ ਕਰਨ ਲਈ।ਸ਼ਨੀਵਾਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਪੁਤਿਨ ਨੇ ਕਿਹਾ, ਮੈਂ ਕਦੇ ਵੀ ਮੁਲਾਕਾਤ ਤੋਂ ਮਨ੍ਹਾ ਨਹੀਂ ਕੀਤਾ। ਜੇਕਰ ਉਹ (ਜ਼ੇਲੇਂਸਕੀ) ਮਿਲਣਾ ਚਾਹੁੰਦੇ ਹਨ, ਤਾਂ ਉਹ ਮਾਸਕੋ ਆ ਸਕਦੇ ਹਨ। ਅਸੀਂ ਕਿਸੇ ਤੀਜੇ ਦੇਸ਼ ਵਿੱਚ ਵੀ ਮਿਲ ਸਕਦੇ ਹਾਂ, ਪਰ ਇਹ ਉਦੋਂ ਹੀ ਹੋਵੇਗਾ ਜਦੋਂ ਇੱਕ ਵਿਆਪਕ ਅਤੇ ਲੰਬੇ ਸਮੇਂ ਦੇ ਸ਼ਾਂਤੀ ਸਮਝੌਤੇ 'ਤੇ ਪੂਰੀ ਤਰ੍ਹਾਂ ਸਹਿਮਤੀ ਬਣ ਜਾਵੇਗੀ।ਪੁਤਿਨ ਨੇ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਪੱਧਰ ਦੀ ਮੁਲਾਕਾਤ ਗੱਲਬਾਤ ਦਾ ਸਥਾਨ ਨਹੀਂ ਹੋਣੀ ਚਾਹੀਦੀ। ਉਨ੍ਹਾਂ ਅਨੁਸਾਰ, ਸ਼ੁਰੂਆਤੀ ਗੱਲਬਾਤ ਅਤੇ ਨਿਯਮਾਂ ਨੂੰ ਦੋਵਾਂ ਧਿਰਾਂ ਦੇ ਮਾਹਿਰਾਂ ਦੁਆਰਾ ਤੈਅ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ ਪੁਤਿਨ ਨੇ 2014-15 ਦੇ ਮਿੰਸਕ ਸਮਝੌਤਿਆਂ ਦੀ ਉਦਾਹਰਨ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਗੱਲਬਾਤਾਂ ਘੰਟਿਆਂ ਬੱਧੀ ਚੱਲ ਸਕਦੀਆਂ ਹਨ ਪਰ ਨਤੀਜਾ ਕੁਝ ਨਹੀਂ ਨਿਕਲਦਾ। ਇਸ ਲਈ, ਜਦੋਂ ਸਭ ਕੁਝ ਸਪੱਸ਼ਟ ਹੋ ਜਾਵੇਗਾ, ਉਦੋਂ ਹੀ ਉਹ ਕਿਸੇ ਸਮਾਰੋਹ ਵਿੱਚ ਸ਼ਾਮਲ ਹੋਣ ਜਾਂ ਦਸਤਖ਼ਤ ਕਰਨ ਲਈ ਮਿਲਣਗੇ।

# ਗਲੋਬਲ ਸ਼ਤਰੰਜ ਲੀਗ ਦਾ ਚੌਥਾ ਸੈਸ਼ਨ ਭਾਰਤ 'ਚ ਹੋਵੇਗਾ

ਨਵੀਂ ਦਿੱਲੀ, 10 ਮਈ (ਚ.ਨ.ਸ.) : ਟੈੱਕ ਮਹਿੰਦਰਾ ਤੇ ਫਿਡੇ ਦੀ ਸਾਂਝੀ ਪਹਿਲ ਗਲੋਬਲ ਸ਼ਤਰੰਜ ਲੀਗ ਦਾ ਚੌਥਾ ਸੈਸ਼ਨ ਭਾਰਤ 'ਚ ਆਯੋਜਿਤ ਕੀਤਾ ਜਾਵੇਗਾ। ਟੂਰਨਾਮੈਂਟ ਦੇ ਆਯੋਜਕਾਂ ਨੇ ਇਹ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਟੀਚਾ ਦੇਸ਼ 'ਚ ਪ੍ਰਸਿੱਧ ਹੋ ਰਹੇ ਸ਼ਤਰੰਜ ਸੱਭਿਆਚਾਰ ਦਾ



ਲਾਭ ਉਠਾਉਣਾ ਹੈ।ਜੀ. ਸੀ. ਐੱਲ. ਨੇ ਕਿਹਾ ਕਿ ਮੇਜ਼ਬਾਨ ਸ਼ਹਿਰ ਦਾ ਐਲਾਨ ਜਲਦ ਕੀਤਾ ਜਾਵੇਗਾ। ਇਸ ਆਯੋਜਨ ਦਾ ਤੀਜਾ ਸੈਸ਼ਨ ਪਿਛਲੇ ਦਸੰਬਰ 'ਚ ਮੁੰਬਈ 'ਚ ਆਯੋਜਿਤ ਕੀਤਾ ਗਿਆ ਸੀ, ਜਿਸ 'ਚ ਐਲਪਾਈਨ ਐੱਸ. ਜੀ. ਪਾਈਪਰਜ਼ ਟੀਮ ਚੈਂਪੀਅਨ ਬਣੀ ਸੀ। ਲੀਗ ਨੇ ਖੇਡ ਦੇ ਫਾਰਮੈੱਟ 'ਚ ਬਦਲਾਅ ਕੀਤਾ ਹੈ। ਰੈਪਿਡ ਫਾਰਮੈੱਟ ਦੇ ਮੁਕਾਬਲਿਆਂ, ਮਿਕਸਡ ਟੀਮਾਂ ਤੇ ਸਖ਼ਤ ਪ੍ਰਤੀਯੋਗੀ ਮੈਚਾਂ ਦੇ ਜ਼ਰੀਏ ਇਸ ਨੂੰ ਦਰਸ਼ਕਾਂ ਲਈ ਵੱਧ ਆਕਰਸ਼ਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਗਲੋਬਲ ਸ਼ਤਰੰਜ ਲੀਗ ਦੇ ਕਮਿਸ਼ਨਰ ਗੌਰਵ ਰਕਸ਼ਿਤ ਨੇ ਕਿਹਾ, ਖੇਡ ਦੇ ਪ੍ਰਤੀ ਭਾਰਤ ਦਾ ਜਨੂੰਨ ਤੇ ਇਸ ਦਾ ਤੇਜ਼ੀ ਨਾਲ ਵਧਦਾ ਸ਼ਤਰੰਜ ਈਕੋਸਿਸਟਮ ਇਸ ਨੂੰ ਲੀਗ ਲਈ ਇਕ ਕੁਦਰਤੀ ਟਿਕਾਣਾ ਬਣਾਉਂਦਾ ਹੈ। ਅਸੀਂ ਇਕ ਹੋਰ ਰੋਮਾਂਚਕ ਸੈਸ਼ਨ ਦਾ ਇੰਤਜ਼ਾਰ ਕਰ ਰਹੇ ਹਾਂ, ਜਿਹੜਾ ਦੁਨੀਆ ਦੇ ਸਰਵੋਤਮ ਖਿਡਾਰੀਆਂ ਤੇ ਗਲੋਬਲ ਪ੍ਰਸ਼ੰਸਕ ਵਰਗ ਨੂੰ ਇਕੱਠੇ ਲਿਆਵੇਗਾ।

# ਅਮਰੀਕਾ-ਈਰਾਨ ਗੱਲਬਾਤ ਅਗਲੇ ਹ਼ਫਤੇ ਮੁੜ ਸ਼ੁਰੂ ਹੋਣ ਦੇ ਆਸਾਰ

ਵਾਸ਼ਿੰਗਟਨ, 10 ਮਈ (ਚ.ਨ.ਸ.) : ਅਮਰੀਕਾ ਅਤੇ ਇਰਾਨ ਵਿਚਾਲੇ ਅਗਲੇ ਹਫ਼ਤੇ ਦੇ ਸ਼ੁਰੂ 'ਚ ਮੁੜ ਵਾਰਤਾ ਸ਼ੁਰੂ ਹੋ ਸਕਦੀ ਹੈ। 'ਦਿ ਵਾਲ ਸਟਰੀਟ ਜਰਨਲ' ਨੇ ਸੂਤਰਾਂ ਦੇ ਹਵਾਲੇ ਨਾਲ ਇਹ ਰਿਪੋਰਟ ਨਸ਼ਰ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੋਵੇਂ ਮੁਲਕ ਵਿਚੋਲਿਆਂ ਰਾਹੀਂ 14 ਨੁਕਾਤੀ ਸਮਝੌਤੇ ਦੇ ਖ਼ਾਕੇ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ ਤਾਂ ਕਿ ਛੇਤੀ ਤੋਂ ਛੇਤੀ ਜੰਗ ਮੁਕੰਮਲ ਤੌਰ 'ਤੇ ਰੋਕੀ ਜਾ ਸਕੇ। ਉਧਰ ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ ਇਰਾਨ ਨੇ ਕਿਹਾ ਕਿ ਉਹ ਹਾਲੇ ਵੀ ਅਮਰੀਕੀ ਤਜਵੀਜ਼ ਦੀ ਨਜ਼ਰਸਾਨੀ ਕਰ ਰਿਹਾ ਹੈ ਅਤੇ ਢੁਕਵੇਂ ਸਮੇਂ 'ਤੇ ਜਵਾਬ ਦਿੱਤਾ ਜਾਵੇਗਾ। ਇਰਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਇਸਮਾਈਲ ਬਗ਼ਈ ਨੇ ਸਮਾਂ ਸੀਮਾ ਸਬੰਧੀ ਵਾਸ਼ਿੰਗਟਨ ਦੇ ਦਬਾਅ ਨੂੰ ਖ਼ਾਰਜ ਕਰ ਦਿੱਤਾ। ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਕਿ ਇਰਾਨ 'ਬਸਤੀਵਾਦ ਅਤੇ ਸ਼ੋਸ਼ਣ' ਦੀ ਨੀਤੀ ਨੂੰ ਨਕਾਰਦਿਆਂ ਆਪਸੀ ਸਨਮਾਨ ਅਤੇ ਸਾਂਝੇ ਹਿੱਤਾਂ ਦੇ ਆਧਾਰ 'ਤੇ ਦੂਜੇ ਮੁਲਕਾਂ ਨਾਲ ਦੋਸਤਾਨਾ ਰਿਸ਼ਤੇ ਵਧਾਉਣ ਲਈ ਵਚਨਬੱਧ ਹੈ। ਰਿਪੋਰਟ ਮੁਤਾਬਕ ਤਜਵੀਜ਼ਤ ਸਮਝੌਤੇ ਦੀਆਂ ਅਹਿਮ ਸ਼ਰਤਾਂ 'ਚ ਇਰਾਨ ਦੇ ਪਰਮਾਣੂ ਪ੍ਰੋਗਰਾਮ, ਹਰਮੁਜ਼ ਜਲ ਮਾਰਗ 'ਚ ਤਣਾਅ ਘਟਾਉਣ ਅਤੇ ਇਰਾਨ ਦਾ ਸੋਧਿਆ ਯੂਰੇਨੀਅਮ ਕਿਸੇ ਹੋਰ ਮੁਲਕ ਹਵਾਲੇ ਕਰਨਾ ਸ਼ਾਮਲ ਹਨ। ਉਂਜ ਕਈ ਅਹਿਮ ਮੁੱਦਿਆਂ ਦਾ ਹੱਲ ਹਾਲੇ ਨਹੀਂ ਨਿਕਲ ਸਕਿਆ। ਇਨ੍ਹਾਂ 'ਚੋਂ ਇਕ ਸ਼ਰਤ ਇਰਾਨ ਨੂੰ ਪਾਬੰਦੀਆਂ ਤੋਂ ਰਾਹਤ ਸਬੰਧੀ ਹੈ ਜਿਸ ਬਾਰੇ ਰਿਪੋਰਟ 'ਚ ਆਖਿਆ ਗਿਆ ਹੈ ਕਿ ਇਸ ਨਾਲ ਵਾਰਤਾ 'ਚ ਹੋਰ ਦੇਰ ਹੋ ਸਕਦੀ ਹੈ। ਰਿਪੋਰਟਾਂ ਅਨੁਸਾਰ ਜੇ ਗੱਲਬਾਤ ਅੱਗੇ ਵਧਦੀ ਹੈ ਤਾਂ ਸ਼ੁਰੂਆਤੀ ਇਕ ਮਹੀਨੇ ਦੀ ਵਾਰਤਾ ਦੀ ਮਿਆਦ ਨੂੰ ਆਪਸੀ ਸਹਿਮਤੀ ਨਾਲ ਵਧਾਇਆ ਜਾ ਸਕਦਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਇਰਾਨ ਦੇ ਜਵਾਬ ਦੀ ਉਡੀਕ ਕਰ ਰਹੇ ਹਨ।



# ਅਮਰੀਕਾ ਨੇ ਵੈਨੇਜ਼ੁਏਲਾ ਤੋਂ ਸੋਧਿਆ ਯੂਰੇਨੀਅਮ ਸੁਰੱਖਿਅਤ ਬਾਹਰ ਕੱਢਿਆ

ਵਾਸ਼ਿੰਗਟਨ, 10 ਮਈ (ਚ.ਨ.ਸ.) : ਅਮਰੀਕੀ ਊਰਜਾ ਵਿਭਾਗ ਦੇ ਕੌਮੀ ਪਰਮਾਣੂ ਸੁਰੱਖਿਆ ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਵੈਨੇਜ਼ੁਏਲਾ ਦੇ ਪੁਰਾਣੇ ਰਿਸਰਚ ਰਿਐਕਟਰ 'ਚੋਂ ਸਾਰਾ ਸੋਧਿਆ ਹੋਇਆ ਯੂਰੇਨੀਅਮ ਸੁਰੱਖਿਅਤ ਢੰਗ ਨਾਲ ਹਟਾ ਦਿੱਤਾ ਹੈ। ਉਨ੍ਹਾਂ ਇਸ ਕਾਰਵਾਈ ਨੂੰ ਦੱਖਣੀ ਅਮਰੀਕਾ ਅਤੇ ਅਮਰੀਕਾ ਨੂੰ ਪਰਮਾਣੂ ਸੁਰੱਖਿਆ ਜੋਖਮਾਂ ਤੋਂ ਬਚਾਉਣ ਦੀ ਦਿਸ਼ਾ ਵੱਲ ਅਹਿਮ ਕਦਮ ਦੱਸਿਆ ਹੈ।ਇਹ ਮਿਸ਼ਨ ਵੈਨੇਜ਼ੁਏਲਾ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ, ਕੌਮਾਂਤਰੀ ਪਰਮਾਣੂ ਊਰਜਾ ਏਜੰਸੀ, ਬਰਤਾਨੀਆ ਦੇ ਮਾਹਿਰਾਂ ਅਤੇ ਅਮਰੀਕੀ ਵਿਦੇਸ਼ ਵਿਭਾਗ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਰਿਐਕਟਰ ਤੋਂ ਲਗਪਗ 13.5 ਕਿਲੋਗ੍ਰਾਮ (30 ਪੌਂਡ) ਯੂਰੇਨੀਅਮ ਹਟਾਇਆ ਗਿਆ ਹੈ, ਜੋ 1991 ਵਿੱਚ ਖੋਜ ਕਾਰਵਾਈਆਂ ਬੰਦ ਹੋਣ ਤੋਂ ਬਾਅਦ ਵਾਧੂ ਸਮੱਗਰੀ ਵਜੋਂ ਉੱਥੇ ਪਿਆ ਸੀ। ਅਮਰੀਕੀ ਕੌਮੀ ਪਰਮਾਣੂ ਸੁਰੱਖਿਆ ਪ੍ਰਸ਼ਾਸਨ ਦੇ ਪ੍ਰਸ਼ਾਸਕ ਬ੍ਰੈਂਡਨ ਵਿਲੀਅਮਜ਼ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ 'ਦੂਰਅੰਦੇਸ਼ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ' ਕਿਹਾ ਕਿ ਜੋ ਕੰਮ ਸਾਲਾਂ ਵਿੱਚ ਹੋਣਾ ਸੀ, ਉਹ ਟੀਮਾਂ ਨੇ ਕੁਝ ਮਹੀਨਿਆਂ ਵਿੱਚ ਹੀ ਪੂਰਾ ਕਰ ਦਿੱਤਾ। ਯੂਰੇਨੀਅਮ ਨੂੰ ਸੁਰੱਖਿਅਤ ਢੰਗ ਨਾਲ ਪੈਕ ਕਰ ਕੇ ਵੈਨੇਜ਼ੁਏਲਾ ਦੀ ਬੰਦਰਗਾਹ ਤੱਕ ਪਹੁੰਚਾਇਆ ਗਿਆ ਅਤੇ ਉੱਥੋਂ ਬਰਤਾਨਵੀ ਜਹਾਜ਼ ਰਾਹੀਂ ਅਮਰੀਕਾ ਲਿਆਂਦਾ ਗਿਆ।

# ਸੈਂਟਰਲ ਬੈਂਕ ਆਫ਼ ਇੰਡੀਆ ਦੇ ਕਰਮਚਾਰੀ ਅਤੇ ਅਧਿਕਾਰੀ ਯੂਨੀਅਨਾਂ ਦੀ ਮੀਟਿੰਗ ਹੋਈ

ਲੁਧਿਆਣਾ/ਚੰਡੀਗੜ੍ਹ, 10 ਮਈ (ਚ.ਨ.ਸ.) : ਜਨਤਕ ਖੇਤਰ ਦੇ ਬੈਂਕ , ਸੈਂਟਰਲ ਬੈਂਕ ਆਫ਼ ਇੰਡੀਆ ਦੇ ਕਰਮਚਾਰੀ ਯੂਨੀਅਨ (ਉੱਤਰੀ ਜ਼ੋਨ) ਅਤੇ ਅਧਿਕਾਰੀ ਯੂਨੀਅਨ (ਚੰਡੀਗੜ੍ਹ ਜ਼ੋਨ) ਦੀਆਂ ਕਾਰਜਕਾਰੀ ਕਮੇਟੀਆਂ ਦੀ ਇੱਕ ਸਾਂਝੀ ਮੀਟਿੰਗ ਹੋਟਲ ਪਾਰਕ ਵਿਊ, ਚੰਡੀਗੜ੍ਹ ਵਿਖੇ ਹੋਈ। ਇਸ ਸਮਾਗਮ ਵਿੱਚ ਬੈਂਕ ਦੀਆਂ ਵੱਖ-ਵੱਖ ਸ਼ਾਖਾਵਾਂ ਤੋਂ ਵੱਡੀ ਗਿਣਤੀ ਵਿੱਚ ਯੂਨੀਅਨ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ। ਇਸ ਮੌਕੇ, ਕਾਮਰੇਡ ਰਾਜੇਸ਼ ਵਰਮਾ (ਜਨਰਲ ਸਕੱਤਰ, ਕਰਮਚਾਰੀ ਯੂਨੀਅਨ, ਉੱਤਰੀ ਜ਼ੋਨ), ਕਾਮਰੇਡ ਸੁਰੇਸ਼ ਭਾਟੀਆ (ਪ੍ਰਧਾਨ), ਕਾਮਰੇਡ ਗੁਰਮੀਤ ਸਿੰਘ (ਜਨਰਲ ਸਕੱਤਰ, ਅਧਿਕਾਰੀ ਯੂਨੀਅਨ), ਕਾਮਰੇਡ ਹੁਸ਼ਿਆਰ ਸਿੰਘ (ਪ੍ਰਧਾਨ), ਕਾਮਰੇਡ ਸੁਨੀਲ ਫੂਲ (ਚੇਅਰਮੈਨ), ਕਾਮਰੇਡ ਅੰਗਰੇਜ ਸਿੰਘ ਅਤੇ ਕਾਮਰੇਡ ਪੂਰਨ ਚੌਹਾਨ ਸਮੇਤ ਮੁੱਖ ਆਗੂਆਂ ਨੇ ਬੈਂਕਿੰਗ ਖੇਤਰ ਨੂੰ ਦਰਪੇਸ਼ ਵੱਖ-ਵੱਖ ਚੁਣੌਤੀਆਂ 'ਤੇ ਚਰਚਾ ਕੀਤੀ ਅਤੇ ਆਪਣੀਆਂ ਮੰਗਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਲਈ ਯੂਨੀਅਨ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਕਾਰਵਾਈ ਦੌਰਾਨ, ਨਵ-ਨਿਯੁਕਤ ਅਹੁਦੇਦਾਰਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਗਿਆ।




# ਪੰਜਾਬ ਬੈਂਕ ਕਰਮਚਾਰੀ ਫ਼ੈਡਰੇਸ਼ਨ ਦੀ ਮੀਟਿੰਗ ਹੋਈ

ਲੁਧਿਆਣਾ, 10 ਮਈ (ਚ.ਨ.ਸ.) : ਪੰਜਾਬ ਬੈਂਕ ਕਰਮਚਾਰੀ ਫੈਡਰੇਸ਼ਨ ਦੀ ਇੱਕ ਮੀਟਿੰਗ ਸਥਾਨਕ ਹੋਟਲ ਸਿਲਵਰ ਸਟੋਨ ਵਿਖੇ ਆਯੋਜਿਤ ਕੀਤੀ ਗਈ। ਇਸ ਸਮਾਗਮ ਵਿੱਚ ਪੰਜਾਬ ਭਰ ਦੀਆਂ ਬੈਂਕ ਯੂਨੀਅਨਾਂ ਦੇ ਨੁਮਾਇੰਦੇ ਸ਼ਾਮਲ ਹੋਏ - ਜਿਨ੍ਹਾਂ ਵਿੱਚ ਫੈਡਰੇਸ਼ਨ ਦੇ ਜਨਰਲ ਸਕੱਤਰ ਕਾਮਰੇਡ ਪੀ.ਆਰ. ਮਹਿਤਾ, ਪ੍ਰਧਾਨ ਕਾਮਰੇਡ ਐਸ.ਕੇ. ਗੌਤਮ, ਚੇਅਰਮੈਨ ਕਾਮਰੇਡ



ਐਸ.ਪੀ.ਐਸ. ਵਿਰਕ, ਅਤੇ ਸੈਂਟਰਲ ਬੈਂਕ ਆਫ਼ ਇੰਡੀਆ ਕਰਮਚਾਰੀ ਯੂਨੀਅਨ ਦੇ ਕਾਮਰੇਡ ਰਾਜੇਸ਼ ਵਰਮਾ ਸ਼ਾਮਲ ਸਨ - ਸਾਰਿਆਂ ਨੇ ਹਿੱਸਾ ਲਿਆ ਅਤੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

# ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਰਾਜਨ ਸਿੰਗਲਾ ਨੇ ਮਾਂ ਦਿਵਸ ’ਤੇ ਲਿਆ ਮਾਂ ਦਾ ਆਸ਼ੀਰਵਾਦ





ਸੁਨਾਮ ਊਧਮ ਸਿੰਘ ਵਾਲਾ, 10 ਮਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਅੱਜ ਭਾਰਤ ਭਰ ਵਿੱਚ ਮਾਂ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਬੱਚਿਆਂ ਅਤੇ ਵੱਡਿਆਂ ਨੇ ਆਪਣੀਆਂ ਮਾਵਾਂ ਦੇ ਪੈਰਾਂ ’ਤੇ ਸਿਰ ਝੁਕਾ ਕੇ ਅਸ਼ੀਰਵਾਦ ਲਿਆ ਅਤੇ ਉਨ੍ਹਾਂ ਦੀ ਲੰਬੀ ਉਮਰ ਲਈ ਪ੍ਰਾਰਥਨਾ ਕੀਤੀ। ਇਸ ਮੌਕੇ ’ਤੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮਾਂ ਦਿਵਸ ’ਤੇ ਕਿਹਾ ਕਿ ਆਪਣੀ ਜਨਮਦਾਤੀ ਸਮੇਤ ਦੁਨੀਆ ਦੀ ਹਰ ਮਾਂ, ਨੂੰ ਪਿਆਰ ਅਤੇ ਸਤਿਕਾਰ ਕਰਨਾ ਚਾਹੀਦਾ ਹੈ, ਸਤਿਕਾਰ ਦੇਣਾ ਚਾਹੀਦਾ ਹੈ ਅਤੇ ਹਰ ਦਿਨ ਮਾਵਾਂ ਨੂੰ ਸਮਰਪਿਤ ਹੋਣਾ ਚਾਹੀਦਾ ਹੈ, ਜਿਨ੍ਹਾਂ ਨੂੰ ਪਰਮਾਤਮਾ ਦਾ ਦੂਜਾ ਨਾਮ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਾਂ ਦੇ ਪਿਆਰ ਅਤੇ ਪਿਆਰ ਨੂੰ ਪ੍ਰਗਟ ਕਰਨ ਲਈ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਸ ਮੌਕੇ ’ਤੇ ਰੋਟਰੀ ਕਲੱਬ ਸੁਨਾਮ ਦੇ ਪ੍ਰਧਾਨ ਰਾਜਨ ਸਿੰਗਲਾ ਨੇ ਕਿਹਾ ਕਿ ਮਾਪਿਆਂ ਦਾ ਸਥਾਨ ਸਭ ਤੋਂ ਉੱਚਾ ਮੰਨਿਆ ਜਾਂਦਾ ਹੈ ਅਤੇ ਇਸਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਮਾਵਾਂ ਆਪਣੇ ਬੱਚਿਆਂ ਲਈ ਦਿਨ ਰਾਤ ਪ੍ਰਾਰਥਨਾ ਕਰਦੀਆਂ ਹਨ। ਇੱਕ ਮਾਂ ਦੀਆਂ ਪ੍ਰਾਰਥਨਾਵਾਂ ਵੱਡੀਆਂ ਮੁਸ਼ਕਲਾਂ ਵਿੱਚ ਬੱਚਿਆਂ ਲਈ ਦਿਨ ਰਾਤ ਦੁਆ ਕਰਦੀਆਂ ਹਨ। ਇਸ ਮੌਕੇ ’ਤੇ, ਉਨ੍ਹਾਂ ਨੇ ਆਪਣੀ ਮਾਂ ਨੂੰ ਗਲੇ ਲਗਾਇਆ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ

## ਉੱਤਰੀ ਕੋਰੀਆ ਨੇ ਆਪਣੇ ਸੰਵਿਧਾਨ ’ਚ ਕੀਤੀ ਸੋਧ

ਪਯੋਂਗਯਾਂਗ, 10 ਮਈ (ਚ.ਨ.ਸ.): ਉੱਤਰ ਕੋਰੀਆ ਨੇ ਆਪਣੇ ਸੰਵਿਧਾਨ ਤੇ ਪ੍ਰਮਾਣੂ ਨੀਤੀ ਵਿਚ ਵੱਡਾ ਬਦਲਾਅ ਕਰਦੇ ਹੋਏ ਸੋਧ ਕੀਤੀ ਹੈ। ਹੁਣ ਜੇਕਰ ਦੇਸ਼ ਦੇ ਸੁਪਰੀਮ ਲੀਡਰ ਕਿਮ ਜੋਂਗ ਉਨ ਦੀ ਹੱਤਿਆ ਹੋ ਜਾਂਦੀ ਹੈ ਜਾਂ ਕਿਸੇ ਵਿਦੇਸ਼ੀ ਹਮਲੇ ਦੌਰਾਨ ਉਹ ਲੀਡਰਸ਼ਿਪ ਕਰਨ ਦੀ ਹਾਲਤ ਵਿਚ ਨਹੀਂ ਰਹਿੰਦੇ ਤਾਂ ਉੱਤਰ ਕੋਰੀਆ ਤੁਰੰਤ ਪ੍ਰਮਾਣੂ ਹਮਲਾ ਕਰੇਗਾ।

ਬ੍ਰਿਟਿਸ਼ ਅਖਬਾਰ ਦਿ ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਇਹ ਬਦਲਾਅ ਮਾਰਚ ਵਿਚ ਤੇਹਰਾਨ ‘ਤੇ ਅਮਰੀਕਾ ਤੇ ਇਜ਼ਰਾਈਲ ਦੇ ਹਮਲਿਆਂ ਦੇ ਬਾਅਦ ਕੀਤਾ ਗਿਆ। ਇਨ੍ਹਾਂ ਹਮਲਿਆਂ ਵਿਚ ਈਰਾਨ ਦੇ ਸੁਪੀਰਮ ਲੀਡਰ ਅਲੀ ਖਾਮਨੇਈ ਤੇ ਕਈ ਸੀਨੀਅਰ ਈਰਾਨੀ ਅਧਿਕਾਰੀਆਂ ਦੀ ਮੌਤ ਹੋ ਗਈ ਸੀ।

ਦੱਖਣ ਕੋਰੀਆ ਦੀ ਏਜੰਸੀ ਮੁਤਾਬਕ ਇਨ੍ਹਾਂ ਹਮਲਿਆਂ ਨੇ ਪਯੋਂਗਯਾਂਗ ਨੂੰ ਸੋਚਣ ‘ਤੇ ਮਜਬੂਰ ਕਰ ਦਿੱਤਾ ਤੇ ਉੱਤਰ ਕੋਰੀਆ ਨੂੰ ਡਰ ਸਤਾਉਣ ਲੱਗਾ ਕਿ ਭਵਿੱਖ ਵਿਚ ਅਜਿਹਾ ‘ਡਿਕੈਪਿਟੇਸ਼ਨ ਸਟ੍ਰਾਈਕ’ ਯਾਨੀ ਟੌਪ ਲੀਡਰਸ਼ਿਪ ਨੂੰ ਖਤਮ ਕਰਨ ਵਾਲਾ ਹਮਲਾ ਉਸ ਖਿਲਾਫ ਵੀ ਹੋ ਸਕਦਾ ਹੈ।

ਇਹ ਸੋਧ 22 ਮਾਰਚ ਨੂੰ ਪਯੋਂਗਯਾਂਗ ਵਿਚ ਸ਼ੁਰੂ ਹੋਏ 15ਵੀਂ ਸੁਪਰੀਮ ਪੀਪਲਜ਼ ਅਸੈਂਬਲੀ ਦੇ ਪਹਿਲੇ ਸੈਸ਼ਨ ਦੌਰਾਨ ਅਪਣਾਇਆ ਗਿਆ। ਬਾਅਦ ਵਿਚ ਦੱਖਣ ਕੋਰੀਆ ਦੀ ਨੈਸ਼ਨਲ ਇੰਟੈਲੀਜੈਂਸ ਸਰਵਿਸ ਨੇ ਸੀਨੀਅਰ ਸਰਕਾਰੀ ਅਧਿਕਾਰੀਆਂ ਨੂੰ ਇਸ ਬਦਲਾਅ ਦੀ ਜਾਣਕਾਰੀ ਦਿੱਤੀ।

# ਡਾ. ਭੀਮ ਰਾਓ ਅੰਬੇਦਕਰ ਤੇ ਮਹਾਨ ਫਿਲਾਸਫਰ ਕਾਰਲ ਮਾਰਕਸ ਦਾ ਜਨਮਦਿਨ ਮਨਾਇਆ



ਭਵਾਨੀਗੜ੍ਹ, 10 ਮਈ (ਅਮਨਦੀਪ ਸਿੰਘ ਮਾਝਾ) : ਨੇੜਲੇ ਪਿੰਡ ਨਕਟੇ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਅਤੇ ਸੰਸਾਰ ਦੇ ਮਹਾਨ ਫਲਾਸਫਰ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਰਜਿ. ਪੰਜਾਬ ਦੀ ਇਕਾਈ ਭਵਾਨੀਗੜ੍ਹ, ਸਮਾਣਾ, ਨਾਭਾ ਦੀ ਅਗਵਾਈ ਵਿਚ ਕਰਵਾਇਆ ਗਿਆ। ਜਨਮ ਦਿਹਾੜੇ ਮੌਕੇ ਸਮਾਗਮ ਵਿਚ ਇਕੱਠ ਨੂੰ ਸੰਬੋਧਨ ਕਰਨ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੌਮੀ ਪ੍ਰਧਾਨ ਮੰਗਤ ਰਾਮ ਪਾਸਲਾ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ। ਪਾਸਲਾ ਨੇ ਦੋਵੇਂ ਮਹਿਬੂਬਾਂ ਨੂੰ ਯਾਦ ਕਰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਅੱਜ ਮੁਲਕ ਅੰਦਰ ਬਹੁਤ ਤੇਜੀ ਨਾਲ ਫਿਰਕਾਪ੍ਰਸਤ ਤਾਕਤਾਂ ਦਾ ਬੋਲਬਾਲਾ ਵਧ ਰਿਹਾ ਹੈ। ਦੇਸ਼ ਅੰਦਰ ਆਰ. ਐਸ. ਐਸ. ਅਤੇ ਭਾਜਪਾ ਦਾ ਏਜੰਡਾ ਹਿੰਦੂ ਰਾਸ਼ਟਰ ਬਣਾਉਣ ਵੱਲ ਸੇਧਿਤ ਹੈ। ਦਿਨੋਂ ਦਿਨ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਸਵਿਧਾਨ ਖਤਰੇ ਹੁੰਦਾ ਜਾ ਰਿਹਾ ਹੈ। ਮਿਹਨਤਕਸ਼ ਵਰਗ ਨਾਲ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ ਅਤੇ ਕਿਸਾਨ, ਮਜ਼ਦੂਰ, ਮੁਲਾਜਮ ਦੋ ਡੰਗ ਦੀ ਰੋਟੀ ਤੋਂ ਮੋਤਾਹਿਜ ਹੁੰਦੇ ਜਾ ਰਹੇ ਹਨ। ਇਸ ਮੌਕੇ ਸਾਬਕਾ ਸੈਨਿਕ ਖੁਸ਼ਹਾਲੀ ਦੇ ਰਾਖੇ ਵੈਲਫੇਅਰ ਐਸੋਸੀਏਸ਼ਨ ਪੰਜਾਬ ਰਜਿ. ਦੇ ਚੇਅਰਮੈਨ ਕਮਲ ਵਰਮਾ ਧੂਰੀ ਨੇ ਦੋਵੇਂ ਮਹਾਨ ਹਸਤੀਆਂ ਦੇ ਜਨਮ ਦਿਹਾੜਿਆਂ ਦੀ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਹੱਕਾਂ ਅਤੇ ਸਵਿਧਾਨ ਬਚਾਉਣ ਲਈ ਸਾਰੇ ਵਰਗ ਇਕੱਠੇ ਹੋ ਕੇ ਸੰਘਰਸ਼ ਲਈ ਅੱਗੇ ਵਧਾਂਗੇ। ਇਸ ਮੌਕੇ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਰਜਿ. ਪੰਜਾਬ ਸਮਾਣਾ ਦੇ ਆਗੂ ਸੁਖਪਾਲ ਸਿੰਘ ਕਾਦਰਾਬਾਦ, ਗੁਰਮੀਤ ਸਿੰਘ ਕਾਲਾਝਾੜ, ਕ੍ਰਿਸ਼ਨ ਸਿੰਘ ਭੜੋ, ਚੰਦ ਸਿੰਘ ਰਾਮਪੁਰਾ, ਦਰਸ਼ਨ ਸਿੰਘ ਨਦਾਮਪੁਰ, ਅਵਤਾਰ ਸਿੰਘ ਅਕਬਰਪੁਰ, ਊਧਮ ਸਿੰਘ ਸੰਤੋਖਪੁਰਾ, ਦਰਸ਼ਨ ਸਿੰਘ ਬੇਲੂਮਾਜਰਾ, ਅਮਰਜੀਤ ਸਿੰਘ ਘਨੌਰ, ਜਸਵਿੰਦਰ ਸਿੰਘ ਮੁਹਾਲੀ, ਰਾਜ ਕ੍ਰਿਸ਼ਨ ਨੂਰਖੇੜੀਆ, ਚਮਕੌਰ ਸਿੰਘ ਧਾਰੋਕੀ, ਨਿਰਮਲ ਸਿੰਘ ਘਰਾਚੋਂ, ਸੁੱਚਾ ਸਿੰਘ ਕੌਲ, ਰਫੀਕ ਮੁਹੰਮਦ ਨਾਭਾ, ਰਣਧੀਰ ਸਿੰਘ ਰਾਦਰਾਬਾਦ, ਰਾਜਵਿੰਦਰ ਸਿੰਘ ਝਨੇੜੀ, ਧਰਮਪਾਲ ਸਿੰਘ ਸਮੇਤ ਆਗੂਆਂ ਨੇ ਪਹੁੰਚ ਕੇ ਸੰਬੋਧਨ ਕੀਤਾ।

# ਅਜਮੇਰ ਸ਼ਰੀਫ਼ ਦੀ ‘ਵੱਡੀ ਦੇਗ’ ਵਿੱਚ ਨੌਜਵਾਨ ਨੇ ਮਾਰੀ ਛਾਲ, ਹੋਈ ਕੁੱਟਮਾਰ

ਨਵੀਂ ਦਿੱਲੀ, 10 ਮਈ (ਚ.ਨ.ਸ.): ਐਤਵਾਰ ਨੂੰ ਅਜਮੇਰ ਸ਼ਰੀਫ ਦਰਗਾਹ ਕੰਪਲੈਕਸ ਦੇ ਅੰਦਰ ‘ਵੱਡੀ ਦੇਗ’ ਵਜੋਂ ਜਾਣੇ ਜਾਂਦੇ ਇੱਕ ਵੱਡੇ ਕੜਾਹੇ ਵਿੱਚ ਇੱਕ ਨੌਜਵਾਨ ਨੇ ਛਾਲ ਮਾਰ ਦਿੱਤੀ। ਰਿਪੋਰਟਾਂ ਅਨੁਸਾਰ, ਨੌਜਵਾਨ ਅਚਾਨਕ ਵੱਡੇ ਕੜਾਹੇ ਵੱਲ ਭੱਜਿਆ ਜਦੋਂ ਸੇਵਾਦਾਰਾਂ ਅਤੇ ਸਟਾਫ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਉਸਨੂੰ ਰੋਕਣ ਤੋਂ ਪਹਿਲਾਂ ਹੀ ਉਹ ‘ਦੇਗ’ ਵਿੱਚ ਛਾਲ ਮਾਰਨ ਵਿੱਚ ਕਾਮਯਾਬ ਹੋ ਗਿਆ। ਇਹ ਸਾਰੀ ਘਟਨਾ ਦਰਗਾਹ ਕੰਪਲੈਕਸ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਘਟਨਾ ਦੌਰਾਨ ਉਸਨੂੰ ਬੁਰੀ ਤਰ੍ਹਾਂ ਕੁੱਟਿਆ ਵੀ ਗਿਆ। ਘਟਨਾ ਤੋਂ ਬਾਅਦ, ਦਰਗਾਹ ਦੇ ਸਟਾਫ ਨੂੰ ਨੌਜਵਾਨ ਦੇ ਬਾਹਰ ਆਉਣ ਤੋਂ ਪਹਿਲਾਂ ਹੀ ਦਖਲ ਦੇਣਾ ਪਿਆ। ਇੱਕ ਨਿਊਜ਼ ਏਜੰਸੀ ਅਨੁਸਾਰ, ਸ਼ੁਰੂਆਤੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਨੌਜਵਾਨ ਮਾਨਸਿਕ ਤੌਰ ’ਤੇ ਅਸਥਿਰ ਹੈ। ਹਾਲਾਂਕਿ, ਉਸ ਦੀ ਪਛਾਣ ਅਤੇ ਉਸ ਦੇ ਕਾਰਨਾਂ ਦਾ ਸਹੀ ਕਾਰਨ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਵਿੱਚ ਕਿਸੇ ਵੱਡੇ ਨੁਕਸਾਨ ਜਾਂ ਗੰਭੀਰ ਸੱਟਾਂ ਦੀ ਕੋਈ ਰਿਪੋਰਟ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਰਿਪੋਰਟ ਲਿਖੇ ਜਾਣ ਤੱਕ, ਕਿਸੇ ਵੀ ਧਿਰ ਵੱਲੋਂ ਕੋਈ ਰਸਮੀ ਪੁਲਿਸ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਸੀ। ਦਰਗਾਹ ਕਮੇਟੀ, ਸਥਾਨਕ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਇਸ ਸਮੇਂ ਮਾਮਲੇ ਦੀ ਜਾਂਚ ਕਰ ਰਹੇ ਹਨ ਅਤੇ ਆਪਣੀ ਜਾਂਚ ਦੇ ਹਿੱਸੇ ਵਜੋਂ ਸੀਸੀਟੀਵੀ ਫੁਟੇਜ ਦੀ ਸਮੀਖਿਆ ਕਰ ਰਹੇ ਹਨ।



# ਆਈ.ਪੀ.ਐਲ.-2026: ਚੇਨਈ ਸੁਪਰ ਕਿੰਗਜ਼ ਨੇ ਲਖਨਊ ਨੂੰ 5 ਵਿਕਟਾਂ ਨਾਲ ਹਰਾਇਆ



ਚੇਨਈ, 10 ਮਈ (ਚ.ਨ.ਸ.): ਆਈ.ਪੀ.ਐਲ. ਵਿਚ ਪੰਜ ਵਾਰ ਦੀ ਚੈਂਪੀਅਨ ਚੇਨਈ ਸੁਪਰ ਕਿੰਗਜ਼ (CSK) ਨੇ ਐਤਵਾਰ ਨੂੰ ਖੇਡੇ ਗਏ ਇੱਕ ਬੇਹੱਦ ਰੋਮਾਂਚਕ ਮੁਕਾਬਲੇ ਵਿੱਚ ਉਰਵਿਲ ਪਟੇਲ ਦੀ 23 ਗੇਂਦਾਂ ਵਿੱਚ 65 ਦੌੜਾਂ ਦੀ ਧਮਾਕੇਦਾਰ ਪਾਰੀ ਦੀ ਬਦੌਲਤ ਲਖਨਊ ਸੁਪਰ ਜਾਇੰਟਸ (LSG) ਨੂੰ ਪੰਜ ਵਿਕਟਾਂ ਨਾਲ ਹਰਾ ਦਿੱਤਾ। ਇਸ ਅਹਿਮ ਜਿੱਤ ਨਾਲ ਚੇਨਈ ਨੇ ਆਈ.ਪੀ.ਐਲ. ਦੇ ਪਲੇਅ-ਆਫ ਦੀ ਦੌੜ ਵਿੱਚ ਆਪਣੀਆਂ ਉਮੀਦਾਂ ਨੂੰ ਕਾਇਮ ਰੱਖਿਆ ਹੈ।

ਉਰਵਿਲ ਪਟੇਲ ਨੇ 8 ਛੱਕੇ ਅਤੇ 2 ਚੌਕੇ ਜੜੇ ਜਿਸ ਕਾਰਨ ਚੇਨਈ ਨੇ 204 ਦੌੜਾਂ ਦੇ ਵੱਡੇ ਟੀਚੇ ਦਾ ਸਫਲਤਾਪੂਰਵਕ ਪਿੱਛਾ ਕੀਤਾ। ਇਸ ਦੌਰਾਨ ਉਰਵਿਲ ਨੇ ਮਹਿਜ਼ 13 ਗੇਂਦਾਂ ਵਿੱਚ ਅਰਧ ਸੈਂਕੜਾ ਪੂਰਾ ਕਰਕੇ ਕਿਸੇ ਭਾਰਤੀ ਵੱਲੋਂ ਸਭ ਤੋਂ ਤੇਜ਼ ਆਈ.ਪੀ.ਐਲ. ਫਿਫਟੀ ਦੇ ਯਸ਼ਸਵੀ ਜੈਸਵਾਲ ਦੇ ਰਿਕਾਰਡ ਦੀ ਬਰਾਬਰੀ ਵੀ ਕਰ ਲਈ। ਹਾਲਾਂਕਿ ਵਿਚਕਾਰਲੇ ਓਵਰਾਂ ਵਿੱਚ ਲਗਾਤਾਰ ਵਿਕਟਾਂ ਡਿੱਗਣ ਕਾਰਨ ਚੇਨਈ ਦੀ ਟੀਮ ਕੁਝ ਮੁਸ਼ਕਲ ਵਿੱਚ ਫਸ ਗਈ ਸੀ ਪਰ ਸ਼ਿਵਮ ਦੂਬੇ (7 ਗੇਂਦਾਂ ਵਿੱਚ 15 ਦੌੜਾਂ) ਅਤੇ ਪ੍ਰਸ਼ਾਂਤ ਵੀਰ ਨੇ ਸਬਰ ਤੋਂ ਕੰਮ ਲੈਂਦਿਆਂ ਟੀਮ ਨੂੰ ਜਿੱਤ ਦੀ ਦਹਿਲੀਜ਼ ਪਾਰ ਕਰਵਾਈ। ਇਸ ਜਿੱਤ ਨਾਲ ਚੇਨਈ ਅੰਕ ਸੂਚੀ ਵਿੱਚ ਰਾਜਸਥਾਨ ਰੌਇਲਜ਼ ਨੂੰ ਪਛਾੜ ਕੇ ਟੌਪ-5 ਵਿੱਚ ਪਹੁੰਚ ਗਈ ਹੈ।

ਇਸ ਤੋਂ ਪਹਿਲਾਂ ਟਾਸ ਹਾਰ ਕੇ ਬੱਲੇਬਾਜ਼ੀ ਕਰਨ ਉਤਰੀ ਲਖਨਊ ਦੀ ਸ਼ੁਰੂਆਤ ਬਹੁਤ ਸ਼ਾਨਦਾਰ ਰਹੀ। ਜੋਸ਼ ਇੰਗਲਿਸ ਨੇ ਸਿਰਫ਼ 33 ਗੇਂਦਾਂ ਵਿੱਚ 85 ਦੌੜਾਂ (10 ਚੌਕੇ, 6 ਛੱਕੇ) ਬਣਾ ਕੇ ਸਕੋਰ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਪਰ ਚੇਨਈ ਦੇ ਗੇਂਦਬਾਜ਼ ਜੈਮੀ ਓਵਰਟਨ ਨੇ 36 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕਰਦਿਆਂ ਲਖਨਊ ਦੇ ਮੱਧਕ੍ਰਮ ਨੂੰ ਝਟਕਾ ਦਿੱਤਾ। ਅੰਤ ਵਿੱਚ ਸ਼ਾਹਬਾਜ਼ ਅਹਿਮਦ ਦੀਆਂ ਨਾਬਾਦ 43 ਦੌੜਾਂ ਨੇ ਲਖਨਊ ਨੂੰ 203 ਦੇ ਸਕੋਰ ਤੱਕ ਪਹੁੰਚਾਇਆ ਪਰ ਉਰਵਿਲ ਦੀ ਤੂਫ਼ਾਨੀ ਪਾਰੀ ਅੱਗੇ ਇਹ ਸਕੋਰ ਵੀ ਛੋਟਾ ਸਾਬਤ ਹੋਇਆ।

# ਏਅਰ ਇੰਡੀਆ ਨੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਿੰਨ ਸਾਲਾਂ ਵਿੱਚ 1,000 ਤੋਂ ਵੱਧ ਮੁਲਾਜ਼ਮ ਕੱਢੇ

ਮੁੰਬਈ, 10 ਮਈ (ਚ.ਨ.ਸ.): ਏਅਰ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੈਂਪਬੈਲ ਵਿਲਸਨ ਨੇ ਅੱਜ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਨੈਤਿਕ ਉਲੰਘਣਾਵਾਂ ਅਤੇ ਨਿਯਮਾਂ ਦੀ ਅਣਦੇਖੀ ਕਰਨ ਵਾਲੇ 1,000 ਤੋਂ ਵੱਧ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਮੁਲਾਜ਼ਮਾਂ ਨਾਲ ਟਾਊਨ ਹਾਲ ਮੀਟਿੰਗ ਦੌਰਾਨ ਵਿਲਸਨ ਨੇ ਸਪੱਸ਼ਟ ਕੀਤਾ ਕਿ ਹਰ ਸਾਲ ਸੈਂਕੜੇ ਕਰਮਚਾਰੀਆਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਕਾਰਨ ਬਾਹਰ ਦਾ ਰਸਤਾ ਦਿਖਾਇਆ ਜਾਂਦਾ ਹੈ। ਉਨ੍ਹਾਂ ਨੇ ਮੁਲਾਜ਼ਮਾਂ ਨੂੰ ਨਸੀਹਤ ਦਿੱਤੀ ਕਿ ਉਨ੍ਹਾਂ ਨੂੰ ਉਦੋਂ ਵੀ ਇਮਾਨਦਾਰੀ ਅਤੇ ਸਹੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ ਜਦੋਂ ਕੋਈ ਉਨ੍ਹਾਂ ਨੂੰ ਦੇਖ ਨਹੀਂ ਰਿਹਾ ਹੁੰਦਾ।

ਟਾਟਾ ਸਮੂਹ ਦੀ ਮਲਕੀਅਤ ਵਾਲੀ ਏਅਰ ਇੰਡੀਆ ਵਿੱਚ ਇਸ ਵੇਲੇ ਲਗਪਗ 24,000 ਕਰਮਚਾਰੀ ਹਨ। ਸੀਈਓ ਮੁਤਾਬਕ ਇਕ ਹਜ਼ਾਰ ਕਾਮਿਆਂ ਨੂੰ ਜਹਾਜ਼ਾਂ ਤੋਂ ਸਾਮਾਨ ਦੀ ਸਮਗਲਿੰਗ ਕਰਨ ਅਤੇ ਬਿਨਾਂ ਫੀਸ ਲਏ ਵਾਧੂ ਸਾਮਾਨ ਲਿਜਾਣ ਦੀ ਇਜਾਜ਼ਤ ਦੇਣ ਦੇ ਦੋਸ਼ਾਂ ਤਹਿਤ ਨੌਕਰੀਓਂ ਕੱਢਿਆ ਗਿਆ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਟਾਫ ਵੱਲੋਂ ਮੁਲਾਜ਼ਮ ਮਨੋਰੰਜਨ ਯਾਤਰਾ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਗਈ ਸੀ। ਮਾਰਚ ਵਿੱਚ ਹੋਈ ਇੱਕ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਲਗਪਗ 4,000 ਮੁਲਾਜ਼ਮਾਂ ਨੇ ਯਾਤਰਾ ਨੀਤੀ ਦਾ ਗਲਤ ਫਾਇਦਾ ਉਠਾਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਤੇ ਜੁਰਮਾਨੇ ਵੀ ਲਗਾਏ ਗਏ ਸਨ।

ਇਹ ਸਖ਼ਤ ਕਾਰਵਾਈ ਅਜਿਹੇ ਸਮੇਂ ਕੀਤੀ ਗਈ ਹੈ ਜਦੋਂ ਏਅਰ ਇੰਡੀਆ ਭਾਰੀ ਵਿੱਤੀ ਘਾਟੇ ਨਾਲ ਜੂਝ ਰਹੀ ਹੈ ਅਤੇ ਖਰਚਿਆਂ ਵਿੱਚ ਕਟੌਤੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਵਿਲਸਨ ਨੇ ਕਰਮਚਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੱਧ ਪੂਰਬ ਦੇ ਹਾਲਾਤ ਵਿੱਚ ਸੁਧਾਰ ਨਹੀਂ ਹੁੰਦਾ, ਤਾਂ ਇਹ ਸਾਲ ਕੰਪਨੀ ਲਈ ਬਹੁਤ ਮੁਸ਼ਕਲ ਹੋਵੇਗਾ। ਮਾਰਚ 2026 ਨੂੰ ਖਤਮ ਹੋਏ ਵਿੱਤੀ ਸਾਲ ਵਿੱਚ ਏਅਰ ਇੰਡੀਆ ਗਰੁੱਪ ਨੂੰ 22,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਅਜਿਹੇ ਹਾਲਾਤ ਵਿੱਚ ਕੰਪਨੀ ਨੇ ਸਾਲਾਨਾ ਤਰੱਕੀ ਰੋਕ ਦਿੱਤੀ ਹੈ ਅਤੇ ਗੈਰ-ਜ਼ਰੂਰੀ ਖਰਚਿਆਂ ਨੂੰ ਘੱਟ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਨੂਰਪੁਰ ਬੇਦੀ ਵਿੱਚ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

## ਪੁਰਾਣੀ ਰੰਜਿਸ਼ ਕਾਰਨ ਕੀਤੀ ਹੱਤਿਆ; ਹਰਜੋਤ ਸਿੰਘ ਸਿੱਧੂ ਨੇ ਨੌਜਵਾਨ ਦੇ ਕਤਲ ਦੀ ਜ਼ਿੰਮੇਵਾਰੀ ਲਈ



ਨੂਰਪੁਰ ਬੇਦੀ, 10 ਮਈ (ਚ.ਨ.ਸ.): ਨੂਰਪੁਰ ਬੇਦੀ ਦੇ ਇੱਕ ਸ਼ੋਅਰੂਮ ਅੱਗੇ ਅੱਜ ਦੇਰ ਸ਼ਾਮ ਕੁਝ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਚਲਾਈਆਂ ਗਈ ਜਿਸ ਕਾਰਨ ਇੱਕ ਨੌਜਵਾਨ ਦੀ ਮੌਤ ਹੋਣ ਦੀ ਖਬਰ ਹੈ। ਇਹ ਪਤਾ ਲੱਗਿਆ ਹੈ ਕਿ ਇਹ ਹੱਤਿਆ ਪੁਰਾਣੀ ਰੰਜਿਸ਼ ਕਾਰਨ ਕੀਤੀ ਹੋ ਸਕਦੀ ਹੈ, ਪਰ ਪੁਲਿਸ ਨੇ ਹੱਤਿਆ ਦੇ ਕਾਰਨ ਨਾ ਦੱਸੇ।

ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਨੌਜਵਾਨ ਦੀ ਪਛਾਣ ਹਰਮੇਲ ਸਿੰਘ (25) ਪੁੱਤਰ ਜਸਵੀਰ ਸਿੰਘ ਪਿੰਡ ਸ਼ਾਹਪੁਰ ਬੇਲਾ ਵਜੋਂ ਹੋਈ ਹੈ। ਪਤਾ ਲੱਗਾ ਹੈ ਕਿ ਗੋਲੀ ਦਾ ਸ਼ਿਕਾਰ ਹੋਇਆ ਨੌਜਵਾਨ ਆਪਣੇ ਇੱਕ ਸਾਥੀ ਨਾਲ ਆਜਮਪਰ ਨਜ਼ਦੀਕ ਭੁੱਲਰ ਇਲੈਕਟਰੋਨਿਕਸ ਤੋਂ ਸਾਮਾਨ ਲੈ ਕੇ ਨਿਕਲਿਆ ਸੀ ਕਿ ਸੜਕ ’ਤੇ ਖੜ੍ਹੇ ਕੁਝ ਅਣਪਛਾਤੇ ਨੌਜਵਾਨਾਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਨੂੰ ਸਿੰਘਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਇਸ ਸਬੰਧੀ ਨੂਰਪੁਰ ਬੇਦੀ ਪੁਲੀਸ ਥਾਣੇ ਦੇ ਐਸ.ਐਚ.ਓ. ਰੋਹਿਤ ਸ਼ਰਮਾ ਨੇ ਦੱਸਿਆ ਕਿ ਉਹ ਪੁਲੀਸ ਪਾਰਟੀ ਸਮੇਤ ਘਟਨਾ ਸਥਾਨ ’ਤੇ ਜਾ ਕੇ ਮਾਮਲੇ ਦੀ ਜਾਂਚ ਵਿੱਚ ਜੁੱਟ ਗਏ ਹਨ। ਉਨ੍ਹਾਂ ਕਿਹਾ ਕਿ ਇਸ ਨੌਜਵਾਨ ਦੀ ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਰੂਪਨਗਰ ਵਿਚ ਪੋਸਟਮਾਰਟਮ ਲਈ ਭੇਜਿਆ ਗਿਆ ਹੈ।

ਨੂਰਪੁਰ ਬੇਦੀ ਵਿਚ ਇੱਕ ਨੌਜਵਾਨ ਦੀ ਹੱਤਿਆ ਦੀ ਜ਼ਿੰਮੇਵਾਰੀ ਹਰਜੋਤ ਸਿੰਘ ਸਿੱਧੂ ਪਿੰਡ ਸ਼ਾਹਪੁਰ ਬੇਲਾ ਨੇ ਲਈ ਹੈ। ਉਸ ਨੇ ਅੱਜ ਇੱਕ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ਇਹ ਖੁਲਾਸਾ ਕਰਦਿਆਂ ਕਿਹਾ ਕਿ ਇਸ ਨੌਜਵਾਨ ਨੇ ਉਸ ਦੇ ਭਰਾ ਦਾ ਮਈ, 2019 ਵਿੱਚ ਕਤਲ ਕੀਤਾ ਸੀ ਜਿਸ ਦਾ ਬਦਲਾ ਅੱਜ ਲੈ ਲਿਆ ਹੈ। ਉਸ ਨੇ ਕਿਹਾ ਕਿ ਇਸ ਕਤਲ ਦੀ ਜ਼ਿੰਮੇਵਾਰੀ ਉਸ ਨੇ ਲਈ ਹੈ ਤੇ ਪੁਲੀਸ ਕਿਸੇ ਹੋਰ ਨੂੰ ਤੰਗ ਪ੍ਰੇਸ਼ਾਨ ਨਾ ਕਰੇ।

## ਵਿਜੇ ਥਲਾਪਤੀ ਬਣੇ ਤਾਮਿਲਨਾਡੂ ਦੇ 9ਵੇਂ ਮੁੱਖ ਮੰਤਰੀ

ਸਹਿਯੋਗੀ ਪਾਰਟੀਆਂ ਦੇ ਕਿਸੇ ਵੀ ਵਿਧਾਇਕ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ, ਵਿਜੇ ਨੇ ਟੀ.ਵੀ.ਕੇ., ਕਾਂਗਰਸ, ਵੀ.ਸੀ.ਕੇ., ਸੀ.ਪੀ.ਆਈ., ਸੀ.ਪੀ.ਆਈ.(ਐਮ) ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ 121 ਵਿਧਾਇਕਾਂ ਦੇ ਸਮਰਥਨ ਪੱਤਰ ਰਾਜਪਾਲ ਅਰਲੇਕਰ ਨੂੰ ਸੌਂਪੇ, ਜਿਨ੍ਹਾਂ ਨੇ ਫਿਰ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਵਿਜੇ ਦੀ ਦੋ ਸਾਲ ਪੁਰਾਣੀ ਪਾਰਟੀ, ਟੀ.ਵੀ.ਕੇ., ਨੇ ਆਪਣੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ 234 ਵਿੱਚੋਂ 108 ਸੀਟਾਂ ਜਿੱਤੀਆਂ। ਵਿਜੇ ਕੋਲ ਹੁਣ 121 ਵਿਧਾਇਕ ਹਨ, ਜਦੋਂ ਕਿ ਬਹੁਮਤ ਦਾ ਅੰਕੜਾ 118 ਹੈ। 1967 ਤੋਂ ਬਾਅਦ ਤਾਮਿਲਨਾਡੂ ਵਿੱਚ ਇੱਕ ਗੈਰ-ਦ੍ਰਾਵਿੜ ਪਾਰਟੀ ਦਾ ਮੁੱਖ ਮੰਤਰੀ ਹੋਵੇਗਾ। ਇਸ ਤੋਂ ਪਹਿਲਾਂ, ਐਮ. ਭਕਤਵਤਸਲਮ 1963 ਤੋਂ 1967 ਤੱਕ ਕਾਂਗਰਸ ਸਰਕਾਰ ਦੌਰਾਨ ਮੁੱਖ ਮੰਤਰੀ ਸਨ। ਮੁੱਖ ਮੰਤਰੀ ਵਿਜੇ ਨੂੰ ਪੁਲੀਸ ਵੱਲੋਂ ਦਿੱਤਾ ਗਿਆ ‘ਗਾਰਡ ਆਫ਼ ਆਨਰ’: ਤਾਮਿਲਨਾਡੂ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਅਤੇ ਟੀ.ਵੀ.ਕੇ. ਦੇ ਮੁਖੀ ਜੋਸਫ ਸੀ. ਵਿਜੇ ਅੱਜ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਪਹਿਲੀ ਵਾਰ ਤਾਮਿਲਨਾਡੂ ਸਕੱਤਰੇਤ ਪਹੁੰਚੇ। ਸਕੱਤਰੇਤ ਪਹੁੰਚਣ ’ਤੇ ਪੁਲੀਸ ਵਿਭਾਗ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਰਸਮੀ ‘ਗਾਰਡ ਆਫ਼ ਆਨਰ’ ਦਿੱਤਾ ਗਿਆ। ਸਕੱਤਰੇਤ ਵਿਖੇ ਮੁੱਖ ਮੰਤਰੀ ਦੇ ਚੈਂਬਰ ਵਿੱਚ ਦਾਖਲ ਹੋਣ ਤੋਂ ਬਾਅਦ ਵਿਜੇ ਨੇ ਅਧਿਕਾਰਤ ਤੌਰ ’ਤੇ ਆਪਣਾ ਕੰਮਕਾਜ ਸੰਭਾਲਿਆ। ਇਸ ਦੌਰਾਨ ਉਨ੍ਹਾਂ ਨੇ ਕਈ ਅਹਿਮ ਸਰਕਾਰੀ ਦਸਤਾਵੇਜ਼ਾਂ ਅਤੇ ਫਾਈਲਾਂ ’ਤੇ ਦਸਤਖਤ ਕੀਤੇ। ਸੂਬੇ ਦੇ ਮੁੱਖ ਸਕੱਤਰ ਸਮੇਤ ਵੱਖ-ਵੱਖ ਵਿਭਾਗਾਂ ਦੇ ਸਕੱਤਰਾਂ ਅਤੇ ਉੱਚ ਪੁਲੀਸ ਅਧਿਕਾਰੀਆਂ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਮੁੱਖ ਮੰਤਰੀ ਬਣਦਿਆਂ ਹੀ ਵਿਜੇ ਥਲਾਪਤੀ ਨੇ 3 ਵੱਡੇ ...

ਬਾਅਦ, ਵਿਜੇ ਨੇ ਆਪਣੇ ਐਲਾਨਾਂ ਅਤੇ ਭਾਸ਼ਣਾਂ ਨਾਲ ਜਨਤਾ ਦਾ ਦਿਲ ਜਿੱਤ ਲਿਆ ਹਾਲਾਂਕਿ, ਚੋਣਾਂ ਤੋਂ ਪਹਿਲਾਂ, ਉਨ੍ਹਾਂ ਦੀ ਪਾਰਟੀ ਨੇ ਕਈ ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚ ਔਰਤਾਂ ਲਈ 2,500 ਪ੍ਰਤੀ ਮਹੀਨਾ, ਸਾਲ ਵਿੱਚ ਛੇ ਮੁਫ਼ਤ ਸਿਲੰਡਰ, 8 ਗ੍ਰਾਮ ਸੋਨਾ ਅਤੇ ਗਰੀਬ ਪਰਿਵਾਰਾਂ ਦੀਆਂ ਦੁਲਹਨਾਂ ਲਈ ਇੱਕ ਰੇਸ਼ਮੀ ਸਾੜੀ, ਔਰਤਾਂ ਦੀ ਸੁਰੱਖਿਆ, ਸਿੱਖਿਆ ਅਤੇ ਹੋਰ ਬਹੁਤ ਸਾਰੇ ਵਾਅਦੇ ਸ਼ਾਮਲ ਸਨ। ਮੁੱਖ ਮੰਤਰੀ ਬਣਨ ਤੋਂ ਬਾਅਦ, ਸੀ.ਐਮ. ਵਿਜੇ ਨੇ ਔਰਤਾਂ ਅਤੇ ਆਮ ਜਨਤਾ ਲਈ ਕਈ ਐਲਾਨ ਕੀਤੇ ਪਰ ਉਨ੍ਹਾਂ ਇਹ ਵੀ ਕਿਹਾ ਕਿ ਉਹ ਬੁਨਿਆਦੀ ਸੇਵਾਵਾਂ ਅਤੇ ਸਿੱਖਿਆ ਅਤੇ ਸਿਹਤ ਵਰਗੇ ਪ੍ਰਮੁੱਖ ਮੁੱਦਿਆਂ ‘ਤੇ ਵਧੇਰੇ ਧਿਆਨ ਕੇਂਦਰਿਤ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਮਛੇਰਿਆਂ ਅਤੇ ਕਿਸਾਨਾਂ ਦਾ ਵੀ ਧਿਆਨ ਰੱਖਿਆ ਜਾਵੇਗਾ। ਆਪਣੇ ਭਾਸ਼ਣ ਵਿੱਚ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਇੱਕ ਸਹਾਇਕ ਨਿਰਦੇਸ਼ਕ ਦਾ ਪੁੱਤਰ ਮੁੱਖ ਮੰਤਰੀ ਬਣ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਸ਼ਾਹੀ ਪਰਿਵਾਰ ਤੋਂ ਨਹੀਂ ਆਇਆ ਹੈ। ਉਹ ਗਰੀਬੀ ਅਤੇ ਭੁੱਖਮਰੀ ਨੂੰ ਗਰੀਬੀ ਦੀ ਡੂੰਘਾਈ ਤੋਂ ਜਾਣਦਾ ਹੈ। ਉਨ੍ਹਾਂ ਜਨਤਾ ਨੂੰ ਦੱਸਿਆ ਕਿ ਉਹ ਉਨ੍ਹਾਂ ਦੇ ਪੁੱਤਰ ਅਤੇ ਭਰਾ ਵਾਂਗ ਹਨ। ਵਿਜੇ ਨੇ ਆਪਣੇ ਭਾਸ਼ਣ ਵਿੱਚ ਇਹ ਵੀ ਕਿਹਾ ਕਿ ਡੀਐਮਕੇ ਸਰਕਾਰ ਨੇ ਖਜ਼ਾਨਾ ਖਾਲੀ ਕਰ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਵਿੱਤੀ ਸਾਲ 10 ਲੱਖ ਕਰੋੜ ਦੇ ਵੱਡੇ ਕਰਜ਼ੇ ਨਾਲ ਸ਼ੁਰੂ ਕਰਨ ਲਈ ਮਜਬੂਰ ਹੋਣਾ ਪਿਆ। ਵਿਜੇ ਦੀ ਪਾਰਟੀ ਨੇ 234 ਵਿੱਚੋਂ 108 ਸੀਟਾਂ ਜਿੱਤੀਆਂ ਪਰ ਬਹੁਮਤ ਤੋਂ ਘੱਟ ਰਹੀ। ਇਸ ਲਈ, ਉਨ੍ਹਾਂ ਨੇ ਕਾਂਗਰਸ, ਵੀ.ਸੀ.ਕੇ., ਸੀ.ਪੀ.ਆਈ., ਸੀ.ਪੀ.ਆਈ.(ਐਮ), ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਨਾਲ ਗੱਠਜੋੜ ਕਰਕੇ ਸਰਕਾਰ ਬਣਾਈ।

## ਕਿਸੇ ਵੀ ਮਨੁੱਖ ਦੇ ਕਿਰਦਾਰ ਦਾ ਪਤਾ ਮੁਸੀਬਤ ਸਮੇਂ ...

ਮੁਸੀਬਤ ਦੇ ਸਮੇਂ ਲੱਗਦਾ ਹੈ। ਸੰਜੀਵ ਅਰੋੜਾ ਨੇ ਭਾਜਪਾ ਵਿੱਚ ਜਾਣ ਦੀ ਬਜਾਏ ਜੇਲ੍ਹ ਜਾਣਾ ਪਸੰਦ ਕੀਤਾ। ਸੰਜੀਵ ਅਰੋੜਾ ਦੀ ਹਿੰਮਤ ਨੂੰ ਸਲਾਮ ਹੈ।ਆਪ ਦੇ ਸੀਨੀਅਰ ਆਗੂ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸੰਜੀਵ ਅਰੋੜਾ ਇੱਕ ਅਜਿਹੇ ਆਗੂ ਹਨ ਜੋ ਨਾ ਸਿਰਫ਼ ਇਮਾਨਦਾਰ ਅਤੇ ਮਿਹਨਤੀ ਹਨ, ਸਗੋਂ ਪੰਜਾਬ ਲਈ ਉਨ੍ਹਾਂ ਕੋਲ ਇੱਕ ਸਪਸ਼ਟ ਵਿਜ਼ਨ, ਡੂੰਘੀ ਸਮਝ ਅਤੇ ਬਦਲਾਅ ਦਾ ਜਨੂੰਨ ਵੀ ਹੈ। ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਵਿੱਚ ਉਦਯੋਗਿਕ ਨਿਵੇਸ਼ ਲਿਆਉਣ ਲਈ ਜਿਸ ਗੰਭੀਰਤਾ ਅਤੇ ਰਫ਼ਤਾਰ ਨਾਲ ਕੰਮ ਕੀਤਾ, ਉਸ ਦੀ ਅੱਜ ਹਰ ਪਾਸੇ ਚਰਚਾ ਹੈ। ਪੰਜਾਬ ਦੇ ਕਿਸੇ ਵੀ ਉਦਯੋਗਪਤੀ ਤੋਂ ਪੁੱਛ ਲਓ- ਸ਼ਾਇਦ ਹੀ ਕੋਈ ਅਜਿਹਾ ਮਿਲੇ ਜੋ ਸੰਜੀਵ ਅਰੋੜਾ ਦੀ ਉਦਯੋਗਿਕ ਨੀਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਦੀ ਤਾਰੀਫ਼ ਨਾ ਕਰਦਾ ਹੋਵੇ।

ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਨੇ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਵਿਵਸਥਿਤ ਬਣਾਉਣ ਲਈ ਵੱਡੇ ਪੱਧਰ ਤੇ ਕੰਮ ਸ਼ੁਰੂ ਕੀਤਾ। ਸਟਰੀਟ ਲਾਈਟਾਂ ਨਾਲ ਸ਼ਹਿਰਾਂ ਨੂੰ ਰੁਸ਼ਨਾਉਣ, ਸੜਕਾਂ ਅਤੇ ਗਲੀਆਂ ਵਿੱਚ ਫੈਲੇ ਬਿਜਲੀ ਦੀਆਂ ਤਾਰਾਂ ਦੇ ਜਾਲ ਨੂੰ ਵਿਵਸਥਿਤ ਕਰਨ ਅਤੇ ਆਧੁਨਿਕ ਅਰਬਨ ਇੰਫਰਾਸਟਰਕਚਰ ਖੜ੍ਹਾ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ। ਹਾਲ ਹੀ ਵਿੱਚ ਪਿੰਡਾਂ ਅਤੇ ਖੇਤਾਂ ਵਿੱਚ ਫੈਲੀਆਂ ਨੰਗੀਆਂ ਬਿਜਲੀ ਦੀਆਂ ਤਾਰਾਂ ਨੂੰ ਅੰਡਰ-ਗਰਾਊਂਡ ਕਰਨ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਹਿਮ ਯੋਜਨਾ ਨੂੰ ਜ਼ਮੀਨ ਤੇ ਉਤਾਰਨ ਦੀ ਜ਼ਿੰਮੇਵਾਰੀ ਵੀ ਸੰਜੀਵ ਅਰੋੜਾ ਹੀ ਪੂਰੀ ਮਿਹਨਤ ਅਤੇ ਵਚਨਬੱਧਤਾ ਨਾਲ ਨਿਭਾ ਰਹੇ ਸਨ।

ਮਨੀਸ਼ ਸਿਸੋਦੀਆ ਨੇ ਕਿਹਾ ਕਿ ਜਦੋਂ ਭਾਜਪਾ ਅਜਿਹੇ ਮਿਹਨਤੀ, ਨਤੀਜੇ ਦੇਣ ਵਾਲੇ ਅਤੇ ਵਿਜ਼ਨਰੀ ਆਗੂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਦੀ ਹੈ, ਤਾਂ ਇਹ ਮਾਮਲਾ ਸਿਰਫ਼ ਇੱਕ ਆਗੂ ਨੂੰ ਪਰੇਸ਼ਾਨ ਕਰਨ ਦਾ ਨਹੀਂ ਰਹਿ ਜਾਂਦਾ, ਸਗੋਂ ਇਹ ਪੰਜਾਬ ਦੀ ਜਨਤਾ ਦੇ ਭਰੋਸੇ, ਪੰਜਾਬ ਦੇ ਵਿਕਾਸ ਅਤੇ ਪੰਜਾਬ ਦੇ ਭਵਿੱਖ ਨਾਲ ਧੋਖਾ ਬਣ ਜਾਂਦਾ ਹੈ। ਅਤੇ ਪੰਜਾਬੀ ਆਪਣੇ ਨਾਲ ਤਾਂ ਕੀ, ਕਿਸੇ ਦੂਜੇ ਨਾਲ ਧੋਖਾ ਕਰਨ ਵਾਲੇ ਨੂੰ ਵੀ ਸਬਕ ਸਿਖਾਉਣਾ ਜਾਣਦੇ ਹਨ।

## 6 ਨਵੇਂ ਮੰਤਰੀਆਂ ਨੇ ਚੁੱਕੀ ਸਹੁੰ, 2 ਰਾਜ ਮੰਤਰੀਆਂ ਨੂੰ ...

ਕਾਫੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸਰਕਾਰ ਨੇ ਇਸ ਰਾਹੀਂ ਬ੍ਰਾਹਮਣ, ਜਾਟ,ਪਿਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀ ਦੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਯੋਗੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਦੂਜਾ ਵਿਸਥਾਰ ਹੈ, ਇਸ ਤੋਂ ਪਹਿਲਾਂ ਮਾਰਚ, 2024 ਵਿੱਚ ਓਮ ਪ੍ਰਕਾਸ਼ ਰਾਜਭਰ ਅਤੇ ਦਾਰਾ ਸਿੰਘ ਚੌਹਾਨ ਵਰਗੇ ਨੇਤਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ ਨੇ ਇਸ ਵਿਸਥਾਰ ਤੇ ਚੁਟਕੀ ਲੈਂਦਿਆਂ ਇਸ ਨੂੰ ਬੇਮਤਲਬ ਦੱਸਿਆ। ਉਨ੍ਹਾਂ ਨੇ ਸੋਸ਼ਲ ਮੀਡੀਆ ਤੇ ਲਿਖਿਆ ਕਿ ਭਾਜਪਾ ਰਾਜ ਵਿੱਚ ਮੁੱਖ ਮੰਤਰੀ ਦਾ ਮਤਲਬ ਸਿਰਫ ਕੋਰੀਅਰ-ਮੈਸੇਂਜਰ ਰਹਿ ਗਿਆ ਹੈ ਕਿਉਂਕਿ ਮੰਤਰੀਆਂ ਦੀ ਸੂਚੀ ਤਾਂ ਦਿੱਲੀ ਤੋਂ ਆਉਂਦੀ ਹੈ। ਰਾਜਨੀਤਕ ਗਲਿਆਰਿਆਂ ਵਿਚ ਹੁਣ ਇਸ ਗੱਲ ਦੀ ਚਰਚਾ ਸ਼ੁਰੂ ਹੋ ਗਈ ਹੈ ਕਿ ਕਿਸ ਮੰਤਰੀ ਨੂੰ ਕਿਹੜਾ ਵਿਭਾਗ ਮਿਲੇਗਾ ਤੇ ਕਿਹੜੇ ਵਿਭਾਗਾਂ ਫੇਰਬਦਲ ਹੋ ਸਕਦਾ ਹੈ।

# ਸ.ਫ਼ਾ ਤਿੰਨ ਦੀ ਬਾਕੀ

## ਪੈਟਰੋਲੀਅਮ ਉਤਪਾਦਾਂ ਦੀ ਸੰਜਮ ਨਾਲ ਕਰੋ ਵਰਤੋਂ: ਮੋਦੀ

ਕਿਹਾ,ਪਰ ਅੱਜ ਪੈਟਰੋਲ, ਗੈਸ, ਡੀਜ਼ਲ ਅਤੇ ਅਜਿਹੀਆਂ ਚੀਜ਼ਾਂ ਦੀ ਬਹੁਤ ਸੰਜਮ ਨਾਲ ਵਰਤੋਂ ਕਰਨਾ ਵੀ ਸਮੇਂ ਦੀ ਲੋੜ ਹੈ। ਸਾਨੂੰ ਦਰਾਮਦ ਕੀਤੇ ਪੈਟਰੋ ਉਤਪਾਦਾਂ ਦੀ ਵਰਤੋਂ ਸਿਰਫ ਲੋੜ ਅਨੁਸਾਰ ਹੀ ਕਰਨੀ ਪਵੇਗੀ। ਇਸ ਨਾਲ ਨਾ ਸਿਰਫ ਵਿਦੇਸ਼ੀ ਮੁਦਰਾ ਬਚੇਗੀ ਸਗੋਂ ਜੰਗ ਦੇ ਮਾੜੇ ਪ੍ਰਭਾਵ ਵੀ ਘੱਟ ਹੋਣਗੇ। ਮੁੱਖ ਮੰਤਰੀ ਰੇਵੰਤ ਰੈੱਡੀ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ ਕਿ ਵਿਕਾਸ ਦੇ ਕੰਮਾਂ ਵਿੱਚ ਰਾਜਨੀਤੀ ਨਹੀਂ ਹੋਣੀ ਚਾਹੀਦੀ, ਮੋਦੀ ਨੇ ਕਿਹਾ ਕਿ ਉਹ ਵੀ ਇਸ ਮੌਕੇ ਉੱਤੇ ਰਾਜਨੀਤੀ ਦੀ ਗੱਲ ਨਹੀਂ ਕਰਨਗੇ। ਤੇਲੰਗਾਨਾ ਨੂੰ ਕੇਂਦਰ ਦੇ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਨੇ ਰੈੱਡੀ ਨੂੰ ਵਿਕਾਸ ਦੀ ਯਾਤਰਾ ਵਿੱਚ ਸ਼ਾਮਲ ਹੋਣ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕਤੰਤਰ ਵਿੱਚ ਕੇਂਦਰ ਅਤੇ ਸੂਬਿਆਂ ਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਹੋਣਾ ਕੋਈ ਗਲਤ ਗੱਲ ਨਹੀਂ ਹੈ।

## ਹਿਮੰਤ ਬਿਸਵਾ ਵੱਲੋਂ ਰਾਜਪਾਲ ਕੋਲ ਸਰਕਾਰ ਬਣਾਉਣ ...

ਸ਼ਰਮਾ ਜੋ 2021 ਵਿੱਚ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ, ਲਗਾਤਾਰ ਦੂਜੀ ਵਾਰ ਇਸ ਅਹੁਦੇ ਤੇ ਰਹਿਣ ਵਾਲੇ ਰਾਜ ਦੇ ਪਹਿਲੇ ਗੈਰ-ਕਾਂਗਰਸੀ ਆਗੂ ਹੋਣਗੇ। ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਐਨ.ਡੀ.ਏ. ਨੇ 126 ਮੈਂਬਰੀ ਵਿਧਾਨ ਸਭਾ ਵਿੱਚ ਰਿਕਾਰਡ 102 ਸੀਟਾਂ ਹਾਸਲ ਕੀਤੀਆਂ, ਜਿਸ ਨਾਲ ਦੋ-ਤਿਹਾਈ ਬਹੁਮਤ ਪ੍ਰਾਪਤ ਹੋਇਆ। ਭਾਜਪਾ ਨੇ 82 ਸੀਟਾਂ ਜਿੱਤੀਆਂ, ਜਦੋਂ ਕਿ ਇਸ ਦੇ ਸਹਿਯੋਗੀ, ਅਸਮ ਗਣ ਪ੍ਰੀਸ਼ਦ (ਏ.ਜੀ.ਪੀ.) ਅਤੇ ਬੋਡੋਲੈਂਡ ਪੀਪਲਜ਼ ਫਰੰਟ (ਬੀ.ਓ.ਪੀ.) ਨੇ 10-10 ਸੀਟਾਂ ਜਿੱਤੀਆਂ।

## ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਵੱਲੋਂ ...

ਕਹਾਣੀਆਂ ਪਰੋਸਣ ਵਾਲਿਆਂ ਵੱਲੋਂ ਆਪਣੇ ਕਿਰਦਾਰ ਤੋਂ ਹੇਠਾਂ ਡਿੱਗ ਜਾਣਾ ਪਿਰਤਾਂ ਮਾੜੀਆਂ ਹਨ। ਦੱਸਣਯੋਗ ਹੈ ਕਿ ਬੀਤੀ 17 ਅਪ੍ਰੈਲ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦਰਮਿਆਨ ਭੁੱਲ ਗਏ ਸਨ । ਜਿਸ ਤੋਂ ਬਾਅਦ ਉਹਨਾਂ ਦੀ ਇਹ ਪੋਸਟ ਵਾਇਰਲ ਹੋਣੀ ਸ਼ੁਰੂ ਹੋਈ, ਸੋਸ਼ਲ ਮੀਡੀਆ ਤੇ ਇਹ ਪੋਸਟ ਲਗਾਤਾਰ ਵਾਇਰਲ ਹੋ ਰਹੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲੋਂ ਵੀ ਕਈ ਗ੍ਰੰਥੀ ਸਿੰਘ ਸ੍ਰੀ ਰਹਿਰਾਜ ਸਾਹਿਬ ਦੇ ਪਾਠ ਭੁੱਲ ਚੁੱਕੇ ਹਨ ਪਰ ਉਹਨਾਂ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਪਰ ਜਦੋਂ ਗੱਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਆਉਂਦੀ ਹੈ ਤਾਂ ਸੰਗਤਾਂ ਉਸ ਨੂੰ ਕਿਸੇ ਵੀ ਹੱਦ ਤੱਕ ਬਰਦਾਸ਼ਤ ਨਹੀਂ ਕਰਦੀਆਂ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗਿਆਨੀ ਜਸਵਿੰਦਰ ਸਿੰਘ ਜਦੋਂ ਮੁੱਖ ਗ੍ਰੰਥੀ ਸਨ ਤਾਂ ਉਹ ਵੀ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਭੁੱਲ ਗਏ ਸਨ ਜਿਸ ਕਾਰਨ ਉਹਨਾਂ ਨੂੰ ਵੱਡਾ ਖਮਿਆਜਾ ਭੁਗਤਣਾ ਪਿਆ ਸੀ। ਜਦ ਕਿ ਸਾਬਕਾ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਸੇਵਾ ਮੁਕਤ ਕਰਨ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਵੀ ਦੋਸ਼ ਲਗਾਇਆ ਸੀ ਕਿ ਸੰਗਤਾਂ ਦੀਆਂ ਸ਼ਿਕਾਇਤਾਂ ਹਨ ਕਿ ਗਿਆਨੀ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀਆਂ ਮੁੱਖ ਸੇਵਾਵਾਂ ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ, ਹੁਕਮਨਾਮਾ ਸਾਹਿਬ ਲੈਣ ਦੀ ਡਿਊਟੀ ਅਤੇ ਪਾਲਕੀ ਸਾਹਿਬ ਦੇ ਨਾਲ ਸੇਵਾ ਨਿਭਾਉਣ ਦੀ ਡਿਊਟੀ ਨਹੀਂ ਨਿਭਾ ਰਹੇ ਸਨ। ਗਿਆਨੀ ਰਘਬੀਰ ਸਿੰਘ ਵੱਲੋਂ ਵੀ ਮੁੱਖ ਗ੍ਰੰਥੀ ਹੁੰਦਿਆਂ ਕੁਝ ਗਿਣਤੀ ਦੇ ਦਿਨਾਂ ਵਿੱਚ ਹੀ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦੀ ਡਿਊਟੀ ਨਿਭਾਈ ਗਈ ਸੀ । ਇੱਥੇ ਇਹ ਵੀ ਦੱਸਣਯੋਗ ਹੈ ਕਿ ਜਿਸ ਦਿਨ ਤੋਂ ਗਿਆਨੀ ਅਮਰਜੀਤ ਸਿੰਘ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਭੁੱਲੇ ਹਨ, ਉਹ ਇਸ ਡਿਊਟੀ ਤੋਂ ਕੰਨੀ ਕਤਰਾ ਰਹੇ ਹਨ । ਗਿਆਨੀ ਅਮਰਜੀਤ ਸਿੰਘ ਦੀ ਸੋਸ਼ਲ ਮੀਡੀਆ ਤੇ ਪੋਸਟ ਅਤੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਭੁੱਲਣ ਦੀ ਵੀਡੀਓ ਲਗਾਤਾਰ ਵਾਇਰਲ ਹੋ ਰਹੀ ਹੈ।

## ਨੀਤੀ ਆਯੋਗ ਦੀ ਰਿਪੋਰਟ ਵਿੱਚ ਦੇਸ਼ ਦੇ ਸਰਬੋਤਮ ...

ਸੁਧਾਰਾਂ ਦੇ ਠੋਸ ਨਤੀਜੇ ਸਾਹਮਣੇ ਆਏ ਹਨ।

ਨੀਤੀ ਆਯੋਗ ਦੀ ਰਿਪੋਰਟ ਦੇ ਨਤੀਜਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਅੱਗੇ ਕਿਹਾ, “ਸੂਬੇ ਦੇ 99.9 ਫ਼ੀਸਦ ਸਰਕਾਰੀ ਸਕੂਲਾਂ ਵਿੱਚ ਹੁਣ ਬਿਜਲੀ ਉਪਲੱਬਧ ਹੈ, 99 ਫ਼ੀਸਦ ਸਕੂਲਾਂ ਵਿੱਚ ਕਾਰਜਸ਼ੀਲ ਕੰਪਿਊਟਰ ਉਪਲੱਬਧ ਹਨ ਅਤੇ 80 ਫ਼ੀਸਦ ਤੋਂ ਵੱਧ ਸਕੂਲ ਸਮਾਰਟ ਕਲਾਸਰੂਮਾਂ ਨਾਲ ਲੈਸ ਹਨ। ਇਸ ਤੋਂ ਇਲਾਵਾ, 10ਵੀਂ ਜਮਾਤ ਦੇ 90 ਫ਼ੀਸਦ ਤੋਂ ਵੱਧ ਵਿਦਿਆਰਥੀ ਹੁਣ 11ਵੀਂ ਜਮਾਤ ਵਿੱਚ ਦਾਖ਼ਲਾ ਲੈ ਰਹੇ ਹਨ। ਇਹ ਦਰ ਸਕੂਲ ਛੱਡਣ ਦੀ ਦਰ ਵਿੱਚ ਤੇਜ਼ੀ ਨਾਲ ਆ ਰਹੀ ਗਿਰਾਵਟ ਨੂੰ ਦਰਸਾਉਂਦੀ ਹੈ। ਵਿਦਿਆਰਥੀ ਅਧਿਆਪਕ ਅਨੁਪਾਤ 22:1 ਹੋ ਗਿਆ ਹੈ।”

ਰਿਪੋਰਟ ਦਾ ਹਵਾਲਾ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, “ਨੀਤੀ ਆਯੋਗ ਦੀ ਰਿਪੋਰਟ ਵਿੱਚ ਸਿੱਖਿਆ ਖੇਤਰ ਵਿੱਚ ਸ਼ਹਿਰੀ-ਪੇਂਡੂ ਖ਼?ਤੇ ਦੇ ਪਾੜੇ ਨੂੰ ਪੂਰਨ ਅਤੇ ਪਿੰਡ ਦੇ ਵਿਦਿਆਰਥੀਆਂ ਅਤੇ ਕੁੜੀਆਂ ਲਈ ਬਰਾਬਰ ਮੌਕੇ ਯਕੀਨੀ ਬਣਾਉਣ ਲਈ ਪੰਜਾਬ ਦੀ ਵਿਸ਼ੇਸ਼ ਤੌਰ ’ਤੇ ਪ੍ਰਸ਼ੰਸਾ ਕੀਤੀ ਗਈ ਹੈ। ਪੰਜਾਬ ਵੱਲੋਂ ਵਿਸ਼ਵ ਦੇ ਸਰਬੋਤਮ ਅਭਿਆਸਾਂ ਨੂੰ ਅਪਣਾਉਣ ਨਾਲ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਪ੍ਰੀਖਿਆ ਦੀ ਸਫਲਤਾ ਹਾਸਲ ਕਰਨ ਦੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਹੁਣ ਤੱਕ ਸਰਕਾਰੀ ਸਕੂਲਾਂ ਦੇ 786 ਵਿਦਿਆਰਥੀਆਂ ਨੇ ਜੇਈਈ ਮੇਨ ਪ੍ਰੀਖਿਆ ਪਾਸ ਕੀਤੀ ਹੈ ਅਤੇ 1,284 ਵਿਦਿਆਰਥੀ ਨੀਟ ਪ੍ਰੀਖਿਆ ਪਾਸ ਕਰ ਚੁੱਕੇ ਹਨ।

ਅਧਿਆਪਕ ਸਿਖਲਾਈ ਅਤੇ ਬੁਨਿਆਦੀ ਢਾਂਚੇ ਦੇ ਵਿਸਥਾਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ, ਪੰਜਾਬ ਦੇ ਸਿੱਖਿਆ ਮੰਤਰੀ ਨੇ ਕਿਹਾ, “ਸੂਬਾ ਸਰਕਾਰ ਵੱਲੋਂ ਕੀਤੇ ਸਿੱਖਿਆ ਸੁਧਾਰਾਂ ਤਹਿਤ ਸ਼ੁਰੂ ਕੀਤੇ ਗਏ ਫਿਨਲੈਂਡ ਅਤੇ ਸਿੰਗਾਪੁਰ ਵਿੱਚ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਦੇ ਜ਼ਮੀਨੀ ਪੱਧਰ ’ਤੇ ਸਾਰਥਕ ਨਤੀਜੇ ਸਾਹਮਣੇ ਆਏ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਸਾਡੇ ਕਲਾਸਰੂਮ ਸਰਬੋਤਮ ਨਾਲ ਮੁਕਾਬਲਾ ਕਰ ਸਕਦੇ ਹਨ। ਪੰਜਾਬ ਸਰਕਾਰ ਵੱਲੋਂ 13,000 ਅਧਿਆਪਕਾਂ ਅਤੇ ਸਟਾਫ ਦੀ ਭਰਤੀ ਕੀਤੀ ਗਈ ਹੈ ਅਤੇ ਲਗਭਗ 3 ਲੱਖ ਵਿਦਿਆਰਥੀਆਂ ਲਈ ਇੰਗਲਿਸ਼ ਐੱਜ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ 118 ਸਕੂਲ ਆਫ਼ ਐਮੀਨੈਂਸ ਖੋਲ੍ਹੇ ਜਾ ਰਹੇ ਹਨ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬਿਹਤਰ ਨੀਤੀ, ਇਰਾਦੇ ਅਤੇ ਅਮਲ ਨਾਲ ਮਿਆਰੀ ਸਿੱਖਿਆ ਯਕੀਨੀ ਬਣਾਈ ਜਾ ਸਕਦੀ ਹੈ ਅਤੇ ਸਾਡੇ ਅਧਿਆਪਕਾਂ ਨੇ ਇਹ ਸਾਬਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜ਼ਮੀਨੀ ਪੱਧਰ ’ਤੇ ਕੀਤੇ ਗਏ ਸੁਧਾਰਾਂ ਨੂੰ ਨੀਤੀ ਆਯੋਗ ਵੱਲੋਂ ਹੁਣ ਪ੍ਰਮਾਣਿਤ ਕੀਤਾ ਗਿਆ ਹੈ। ਸਰਕਾਰੀ ਸਕੂਲ ਦੇ ਬੱਚੇ ਸਿਰਫ਼ ਸਿਖਲਾਈ ਹੀ ਨਹੀਂ ਲੈ ਰਹੇ ਸਗੋਂ ਉਹ ਅਗਵਾਈ ਵੀ ਕਰ ਰਹੇ ਹਨ।

## ਉਚ-ਜੋਖਮ ਵਾਲੀਆਂ 60 ਝੀਲਾਂ ਤੇ ਰੱਖੀ ਜਾਵੇਗੀ ਨਜ਼ਰ: ਕੇਂਦਰ

ਗਲੇਸ਼ੀਅਰ ਝੀਲਾਂ ਦੇ ਫਟਣ ਕਾਰਨ ਆਉਣ ਵਾਲੇ ਹੜ੍ਹਾਂ ਅਤੇ ਜਲਵਾਯੂ ਪਰਿਵਰਤਨ ਕਰਕੇ ਲਗਾਤਾਰ ਵਿਗੜ ਰਹੇ ਮੌਸਮ ਦੇ ਡਰ ਨੂੰ ਮੁੱਖ ਰੱਖਦਿਆਂ ਚੁੱਕਿਆ ਗਿਆ ਹੈ। ਨਵੀਂ ਦਿੱਲੀ ਵਿੱਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ਼ਾਹ ਨੇ ਕਿਹਾ ਕਿ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜ਼ੀਰੋ ਕੈਜ਼ੂਅਲਟੀ ਡਿਸਾਸਟਰ ਮੈਨੇਜਮੈਂਟ (ਆਫ਼ਤ ਦੌਰਾਨ ਇੱਕ ਵੀ ਜਾਨ ਨਾ ਜਾਣ ਦੇਣਾ) ਦੇ ਵਿਜ਼ਨ ਵੱਲ ਵਧਣਾ ਚਾਹੀਦਾ ਹੈ। ਉਨ੍ਹਾਂ ਨੇ ਆਫ਼ਤਾਂ ਨਾਲ ਨਜਿੱਠਣ ਲਈ ਇੱਕ ਬਿਹਤਰ ਆਪਸੀ ਤਾਲਮੇਲ ਅਤੇ ਤਕਨਾਲੋਜੀ ਤੇ ਅਧਾਰਤ ਸਿਸਟਮ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮੌਸਮ ਦੀ ਜਾਣਕਾਰੀ ਅਤੇ ਖ਼ਤਰੇ ਦੀਆਂ ਚਿਤਾਵਨੀਆਂ ਨੂੰ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਹੇਠਲੇ ਪੱਧਰ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ, ਤਾਂ ਜੋ ਸਮੇਂ ਸਿਰ ਕਾਰਵਾਈ ਕਰਕੇ ਨੁਕਸਾਨ ਨੂੰ ਰੋਕਿਆ ਜਾ ਸਕੇ।

ਗ੍ਰਹਿ ਮੰਤਰੀ ਨੇ ਸਾਰੇ ਸੂਬਿਆਂ ਨੂੰ ਮਾਨਸੂਨ ਦੇ ਸੀਜ਼ਨ ਤੋਂ ਪਹਿਲਾਂ ਤਿਆਰੀ ਮਜ਼ਬੂਤ ਕਰਨ ਲਈ ਫਲੱਡ ਕਰਾਈਸਿਸ ਮੈਨੇਜਮੈਂਟ ਟੀਮਾਂ ਦਾ ਗਠਨ ਕਰਨ ਤੇ ਉਨ੍ਹਾਂ ਨੂੰ ਸਰਗਰਮ ਕਰਨ ਦੇ ਨਿਰਦੇਸ਼ ਵੀ ਦਿੱਤੇ।

## ਪੰਜਾਬ ’ਚ ਅੱਜ ਤੋਂ ਚੱਲਣਗੀਆਂ ਤੇਜ਼ ਹਵਾਵਾਂ

ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ ਮੁੜ ਗਰਮੀ ਵਧਣ ਦਾ ਸੰਕੇਤ ਹੈ। ਪਿਛਲੇ 24 ਘੰਟਿਆਂ ਦੌਰਾਨ ਪੂਰਾ ਖੇਤਰ ਖ਼ੁਸ਼ਕ ਰਿਹਾ ਪਰ ਕੁਝ ਇਲਾਕਿਆਂ ਵਿੱਚ ਗਰਮੀ ਵਧਣੀ ਸ਼ੁਰੂ ਹੋ ਗਈ ਹੈ। ਪੰਜਾਬ ਵਿੱਚ ਫਰੀਦਕੋਟ 42.8 ਡਿਗਰੀ ਸੈਲਸੀਅਸ ਨਾਲ ਸਭ ਤੋਂ ਗਰਮ ਰਿਹਾ, ਜਦਕਿ ਹਰਿਆਣਾ ਦੇ ਫਰੀਦਾਬਾਦ ਵਿੱਚ ਪਾਰਾ 45.2 ਡਿਗਰੀ ਸੈਲਸੀਅਸ ਤੱਕ ਜਾ ਪਹੁੰਚਿਆ। ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 3 ਡਿਗਰੀ ਘੱਟ ਹੈ। ਮੌਸਮ ਵਿਭਾਗ ਨੇ ਸੁਰੱਖਿਆ ਚਿਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਬਿਜਲੀ ਦੇ ਖੰਭਿਆਂ, ਪਾਣੀ ਦੇ ਸੋਮਿਆਂ ਅਤੇ ਕਮਜ਼ੋਰ ਢਾਂਚਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਪੰਜਾਬ ਅਤੇ ਹਰਿਆਣਾ ਵਿੱਚ ਇਸ ਸੀਜ਼ਨ ਦੌਰਾਨ ਆਮ ਨਾਲੋਂ ਵੱਧ ਮੀਂਹ ਪੈਣ ਕਾਰਨ ਪਹਿਲਾਂ ਹੀ ਗਰਮੀ ਤੋਂ ਕੁਝ ਰਾਹਤ ਮਿਲੀ ਹੋਈ ਹੈ।

## ਜੇ ਈਰਾਨੀ ਤੇਲ ਟੈਂਕਰਾਂ ’ਤੇ ਹਮਲਾ ਹੋਇਆ ਤਾਂ...

ਇਰਾਨ ਜਵਾਬ ਦੀ ਉਡੀਕ ਕਰ ਰਿਹਾ ਹੈ। ਰਾਸ਼ਟਰਪਤੀ ਟਰੰਪ ਨੇ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ ਸੀ ਕਿ ਸ਼ਨੀਵਾਰ ਸਵੇਰ (ਭਾਰਤੀ ਸਮੇਂ) ਤੱਕ ਜਵਾਬ ਦੀ ਉਮੀਦ ਕੀਤੀ ਜਾ ਰਹੀ ਹੈ।

## ਬਾਜ਼ਾਰ ਤੇ ਡਿਜ਼ੀਟਲ ਰੀਲਾਂ ’ਚ ਉਲਝਿਆ ਮਦਰਜ਼ ਡੇਅ

ਇੱਕ ਹੋਰ ਭਾਵੁਕ ਲਾਈਨ ਇਸ ਤਰ੍ਹਾਂ ਹੈ:ਜੰਨਤ ਭੀ ਯਹੀ ਹੈ, ਜਹਾਂ ਮਾਂ ਬੈਠੀ ਹੈ,
ਉਸ ਕੀ ਗੋਦ ਮੇਂ ਬੈਠਾ ਤੋ ਖੁਦਾ ਭੀ ਯਾਦ ਆਤਾ ਹੈ।

ਅੱਜ ਦੇ ਭੱਜਦੌੜ ਵਾਲੇ ਯੁੱਗ ਵਿਚ ਅਸੀਂ ਅਕਸਰ ਆਪਣੀਆਂ ਮਾਵਾਂ ਨੂੰ ਭੁੱਲ ਜਾਂਦੇ ਹਾਂ। ਬਜ਼ੁਰਗ ਘਰਾਂ ਵਿੱਚ ਇਕੱਲੀਆਂ ਛੱਡੀਆਂ ਜਾ ਰਹੀਆਂ ਮਾਵਾਂ ਦੀਆਂ ਅੱਖਾਂ ਵਿੱਚ ਉਹ ਉਦਾਸੀ ਝਲਕਦੀ ਹੈ, ਜਿਸ ਨੂੰ ਦੇਖ ਕੇ ਦਿਲ ਟੁੱਟ ਜਾਂਦਾ ਹੈ। ਇਸ ਮਾਂ ਦਿਵਸ ’ਤੇ ਆਓ ਆਪਣੀਆਂ ਮਾਵਾਂ ਨਾਲ ਫਿਰ ਉਸ ਬਚਪਨ ਵਾਲੀ ਗੱਲਬਾਤ ਕਰੀਏ। ਉਨ੍ਹਾਂ ਦਾ ਹੱਥ ਚੁੰਮੀਏ, ਉਨ੍ਹਾਂ ਦੀਆਂ ਅੱਖਾਂ ਵਿਚ ਝਾਤ ਮਾਰੀਏ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਈਏ ਕਿ ਉਹ ਸਾਡੇ ਲਈ ਸਭ ਤੋਂ ਵਧੀਆ ਤੋਹਫਾ ਹਨ। ਉਨ੍ਹਾਂ ਨੂੰ ਫੁੱਲਾਂ ਨਾਲ ਨਹੀਂ, ਆਪਣੇ ਸਮੇਂ ਅਤੇ ਧਿਆਨ ਨਾਲ ਖ਼ੁਸ਼ ਕਰੀਏ।ਮਾਂ ਹੀ ਜੰਨਤ ਹੈ ਤੇ ਜੰਨਤ ਭੀ ਯਹੀ ਹੈ। ਉਸ ਨੂੰ ਕਦੇ ਵੀ ਭੁੱਲਣਾ ਨਾ। ਉਸ ਨੂੰ ਪਿਆਰ ਦਿਓ, ਉਸ ਨਾਲ ਵਕਤ ਬਿਤਾਓ ਅਤੇ ਉਸ ਦੀਆਂ ਦੁਆਵਾਂ ਲਓ — ਇਹੀ ਸੱਚੀ ਖ਼ੁਸ਼ੀ ਹੈ।



भारत सरकार
सोमनाथ
अनंत ऊर्जा का अनुभव
हरियाणा सरकार
सोमलिङ्गं नरो दृष्ट्वा सर्वपापैः प्रमुच्यते।
लभते फलं मनोवाञ्छितं मृतः स्वर्गं समाश्रयेत्॥
सोमनाथ
विरासत के 75 साल
सोमनाथ भारत की अजेय सभ्यता का प्रतीक है। 1000 वर्षों के विनाशकारी प्रहारों के बाद भी, सोमनाथ आज हमारे आत्म-सम्मान और साहस की मिसाल बनकर खड़ा है।
75 वर्ष पहले लौह पुरुष सरदार वल्लभभाई पटेल के संकल्प से आधुनिक सोमनाथ का मार्ग प्रशस्त हुआ। प्रधानमंत्री श्री नरेन्द्र मोदी के नेतृत्व में, आज यह पावन भूमि भारत के सांस्कृतिक पुनरुत्थान का उद्घोष कर रही है।
इस स्वर्णिम अवसर के साक्षी बनें
मुख्य गतिविधियां
कलश यात्रा | भजन संध्या | ॐकार मंत्र का जाप
सोमनाथ पुस्तिका में मंत्र लेखन | सोमनाथ से जुड़ी कथाओं का वाचन
श्री सोमनाथ मंदिर परिसर, प्रभास पाटन | 8 से 11 मई, 2026
"सोमनाथ आशा का वह गीत है जो हमें सिखाता है कि सृजन की शक्ति विनाश से कहीं अधिक प्रबल होती है।"
प्रधानमंत्री श्री नरेन्द्र मोदी (अध्यक्ष, श्री सोमनाथ ट्रस्ट)
राज्य स्तरीय समारोह
मुख्य अतिथि
श्री नायब सिंह सैनी
मुख्यमंत्री, हरियाणा
11 मई, 2026 । प्रातः 10 बजे । कुरुक्षेत्र
कार्यक्रम से जुड़ने के लिए क्यू आर कोड स्कैन करें
सोमनाथ की दिव्यता व भव्यता में दें योगदान और बनें गौरवशाली इतिहास का हिस्सा।
स्कैन करें।
सूचना, लोक संपर्क तथा भाषा विभाग, हरियाणा
www.prharyana.gov.in | Follow us on @diprharyana

# ਗੜ੍ਹੇਮਾਰੀ ਨਾਲ ਪ੍ਰਭਾਵਿਤ ਕਿਸਾਨਾਂ ਨੂੰ ਜਲਦ ਮੁਆਵਜ਼ਾ ਜਾਰੀ ਕਰੇ ਪੰਜਾਬ ਸਰਕਾਰ : ਇੰਦਰਜੀਤ ਸਿੰਘ ਸੰਧੂ



ਮਲੋਟ/ਲੰਬੀ, 10 ਮਈ (ਅਮਨਦੀਪ ਸਿੰਘ ਮਹਿਰਾ): ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਸੰਧੂ ਨੇ ਜਾਰੀ ਪ੍ਰੈਸ ਬਿਆਨ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਾਲ ਹੀ ਵਿੱਚ ਕਣਕ ਦੀ ਫਸਲ 'ਤੇ ਹੋਈ ਗੜ੍ਹੇਮਾਰੀ ਨਾਲ ਪ੍ਰਭਾਵਿਤ ਕਿਸਾਨਾਂ ਨੂੰ ਐਲਾਨਿਆ ਗਿਆ ਮੁਆਵਜ਼ਾ ਜਲਦ ਜਾਰੀ ਕੀਤਾ ਜਾਵੇ।

ਸੰਧੂ ਨੇ ਕਿਹਾ ਕਿ ਗੜ੍ਹੇਮਾਰੀ ਕਾਰਨ ਕਈ ਕਿਸਾਨਾਂ ਦੀ ਕਣਕ ਦੀ ਫਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਸੀ ਅਤੇ ਹੁਣ ਝੋਨੇ ਦੀ ਬਿਜਾਈ ਦਾ ਸਮਾਂ ਨੇੜੇ ਆ ਰਿਹਾ ਹੈ, ਜਿਸ ਕਾਰਨ ਕਿਸਾਨ ਸਰਕਾਰ ਵੱਲੋਂ ਐਲਾਨੀ ਮੁਆਵਜ਼ਾ ਰਾਸ਼ੀ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਅਤੇ ਮੰਤਰੀ ਮੁਆਵਜ਼ਾ ਜਾਰੀ ਕਰਨ ਦੇ ਦਾਅਵੇ ਕਰ ਰਹੇ ਹਨ, ਜਦਕਿ ਦੂਜੇ ਪਾਸੇ ਸਬੰਧਤ ਅਧਿਕਾਰੀ ਅਜੇ ਤੱਕ ਰਾਸ਼ੀ ਜਾਰੀ ਨਾ ਹੋਣ ਦੀ ਗੱਲ ਕਹਿ ਰਹੇ ਹਨ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਗੜ੍ਹੇਮਾਰੀ ਅਤੇ ਅੱਗ ਲੱਗਣ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਪ੍ਰਭਾਵਿਤ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ, ਤਾਂ ਜੋ ਉਹ ਆਉਣ ਵਾਲੀ ਫ਼ਸਲ ਦੀ ਤਿਆਰੀ ਕਰ ਸਕਣ।

ਇਸ ਮੌਕੇ ਕਿਸਾਨ ਯੂਨੀਅਨ ਦੇ ਬਲਾਕ ਮਲੋਟ ਅਤੇ ਲੰਬੀ ਦੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਝੋਨੇ ਦੀ ਸਿੱਧੀ ਬਿਜਾਈ 'ਤੇ ਦਿੱਤੀ ਜਾ ਰਹੀ 1500 ਰੁਪਏ ਪ੍ਰਤੀ ਏਕੜ ਸਬਸਿਡੀ ਵਿੱਚ ਵਾਧਾ ਕਰਨ ਦੀ ਮੰਗ ਕਰਦਿਆਂ ਇਸ ਨੂੰ ਘੱਟੋ-ਘੱਟ 5000 ਰੁਪਏ ਪ੍ਰਤੀ ਏਕੜ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਲਗਾਤਾਰ ਘਟ ਰਹੇ ਪਾਣੀ ਦੇ ਸਰੋਤਾਂ ਨੂੰ ਬਚਾਉਣ ਲਈ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ ਅਤੇ ਇਸ ਲਈ ਕਿਸਾਨਾਂ ਨੂੰ ਵੱਧ ਆਰਥਿਕ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ 15 ਦਿਨਾਂ ਦੇ ਅੰਦਰ ਪ੍ਰਭਾਵਿਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਜਾਰੀ ਨਾ ਕੀਤਾ ਤਾਂ ਕਿਸਾਨ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

# ਅਵਾਰਾ ਪਸ਼ੂਆਂ ਅਤੇ ਕੁੱਤਿਆਂ ਨੇ ਸਵੱਛ ਭਾਰਤ ਦੀਆਂ ਉਡਾਈਆਂ ਧੱਜੀਆਂ : ਕੈਪਟਨ ਸਿੱਧੂ



ਬਰਨਾਲਾ, 10 ਮਈ (ਹਮੀਰ ਸਿੰਘ) : ਭਾਵੇਂ ਕੇਂਦਰ ਸਰਕਾਰ ਵੱਲੋਂ ਕਰੋੜਾਂ ਅਰਬਾਂ ਰੁਪਏ ਸਵੱਛ ਭਾਰਤ ਸਕੀਮ ਲਈ ਖਰਚੇ ਜਾਂਦੇ ਹਨ, ਪ੍ਰੰਤੂ ਗਲੀ ਗਲੀ ਵਿੱਚ ਬਜਾਰਾਂ ਵਿੱਚ ਸੜਕਾਂ 'ਤੇ ਅਵਾਰਾ ਪਸ਼ੂਆਂ ਅਤੇ ਅਵਾਰਾ ਕੁੱਤਿਆਂ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ ਅਤੇ ਹਰ ਇਕ ਸੜਕ ਤੇ ਹਰ ਇਕ ਗਲੀ ਵਿੱਚ ਆਵਾਰਾ ਪਸ਼ੂਆਂ ਅਤੇ ਕੁੱਤਿਆ ਨੇ ਗੰਦ ਪਾਇਆ ਹੋਇਆ ਹੈ। ਅਫਸੋਸ ਦੀ ਗੱਲ ਹੈ ਕਿ ਪ੍ਰਸ਼ਾਸਨ ਅਤੇ ਨਗਰ ਨਿਗਮ ਅਧਿਕਾਰੀ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ। ਇਹ ਵਿਚਾਰ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰੈਸ ਨੋਟ ਜਾਰੀ ਕਰਕੇ ਪ੍ਰਗਟ ਕਰਦਿਆਂ ਕਿਹਾ ਇਹਨਾਂ ਅਵਾਰਾ ਪਸ਼ੂਆਂ ਅਤੇ ਕੁੱਤਿਆ ਕਾਰਣ ਸੜਕਾਂ 'ਤੇ ਅਨੇਕਾਂ ਹੀ ਅਣਸੁਖਾਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਅਤੇ ਲੋਕਾਂ ਦੇ ਘਰਾਂ ਦੇ ਚਿਰਾਗ ਬੁੱਝ ਜਾਂਦੇ ਹਨ। ਮੈਨੂੰ ਕੋਈ ਸ਼ੱਕ ਨਹੀਂ ਕਿ ਕਾਗਜਾਂ ਦੀ ਕਾਰਵਾਈ ਪੂਰੀ ਹੋਵੇਗੀ ਕਿ ਸ਼ਹਿਰ ਵਿੱਚ ਕੋਈ ਵੀ ਅਵਾਰਾ ਪਸ਼ੂ ਨਹੀਂ ਹਨ ਅਤੇ ਕੁੱਤੇ ਨਹੀਂ ਹਨ। ਕਿਉਂਕਿ ਕਾਗਜਾਂ ਦਾ ਢਿੱਡ ਭਰਨ ਲਈ ਸ਼ਹਿਰ ਦੇ ਇਕ ਕੋਨੇ ਵਿੱਚੋਂ ਅਵਾਰਾ ਜਾਨਵਰ ਫੜ ਕੇ ਸ਼ਹਿਰ ਦੇ ਦੂਜੇ ਕੋਨੇ ਵਿੱਚ ਲਿਜਾ ਕੇ ਛੱਡ ਦਿੱਤੇ ਜਾਂਦੇ ਹਨ ਅਤੇ ਇਸ ਸਮੱਸਿਆ ਦਾ ਕੋਈ ਵੀ ਸਥਾਈ ਹੱਲ ਨਹੀਂ ਕੀਤਾ ਜਾਂਦਾ। ਸਿੱਧੂ ਨੇ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਸਮੱਸਿਆ ਦਾ ਕੋਈ ਠੋਸ ਹੱਲ ਲੱਭਿਆ ਜਾਵੇ ਅਤੇ ਸ਼ਹਿਰ ਨਿਵਾਸੀਆਂ ਨੂੰ ਨਜਾਕਤ ਦਿਵਾਈ ਜਾਵੇ।

# ਬਰਨਾਲਾ 'ਚ ਟ੍ਰੈਫ਼ਿਕ ਸਮੱਸਿਆ ਨੇ ਧਾਰਿਆ ਵਿਕਰਾਲ ਰੂਪ



ਬਰਨਾਲਾ, 10 ਮਈ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਸ਼ਹਿਰ ਵਿਖੇ ਟ੍ਰੈਫਿਕ ਸਮੱਸਿਆ ਐਨਾ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ ਕਿ ਲੋਕਾਂ ਦਾ ਬਹੁਤਾ ਸਮਾਂ ਟ੍ਰੈਫਿਕ ਜਾਮ ਦੇ ਕਾਰਨ ਅਜਾਈਂ ਚਲਾ ਜਾਂਦਾ ਹੈ। ਇਸ ਸਮੱਸਿਆ ਦੇ ਖਾਤਮੇ ਲਈ ਵੱਖ-ਵੱਖ ਪਤਵੰਤੇ ਸੱਜਣਾਂ ਨਾਲ ਗੱਲਬਾਤ ਕੀਤੀ ਗਈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਗੁਰਮੀਤ ਸਿੰਘ ਮੀਮਸਾ ਨੇ ਕਿਹਾ ਕਿ ਪ੍ਰਸ਼ਾਸਨ ਸਥਾਈ ਤੌਰ 'ਤੇ ਪਾਰਕਿੰਗ ਦੀ ਦਿੱਕਤ ਨੂੰ ਦੂਰ ਕਰੇ, ਢੋਅ ਢੁਆਈ ਵਾਲੀਆਂ ਹੈਵੀ ਗੱਡੀਆਂ ਦਾ ਦਾਖ਼ਲਾ ਦਿਨ ਸਮੇਂ ਸ਼ਹਿਰ 'ਚ ਬੰਦ ਹੋਣਾ ਚਾਹੀਦਾ ਹੈ ਜੇਕਰ ਵਪਾਰੀਆਂ ਨੇ ਹੈਵੀ ਗੱਡੀਆਂ ਤੋਂ ਮਾਲ ਉਤਾਰਨਾ ਅਤੇ ਲੱਦਣਾ ਹੋਵੇ ਤਾਂ ਸਵੇਰੇ 6 ਵਜੇ ਤੋਂ ਸਵੇਰੇ 10 ਵਜੇ ਤੱਕ ਇਹ ਕੰਮ ਕੀਤਾ ਜਾ ਸਕਦਾ ਹੈ। ਉਹਨਾਂ ਵਪਾਰੀ ਵੀਰਾਂ ਨੂੰ ਟ੍ਰੈਫਿਕ ਸਮੱਸਿਆ ਦੇ ਨਿਪਟਾਰੇ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ। ਮੁਲਾਜ਼ਮ ਆਗੂ ਗਿਆਨੀ ਅਵਤਾਰ ਸਿੰਘ ਲੀਲਾ ਨੇ ਕਿਹਾ ਕਿ ਟ੍ਰੈਫਿਕ ਸਮੱਸਿਆ ਲਈ ਕੋਈ ਇੱਕ ਧਿਰ ਜ਼ਿੰਮੇਵਾਰ ਨਹੀਂ। ਸਾਰੀਆਂ ਧਿਰਾਂ ਨੂੰ ਹੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਸਮਾਜ ਸੇਵੀ ਤੇਜ ਕੁਮਾਰ ਤੇਜ਼ੀ ਪਟਵਾਰੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਟਰੈਫਿਕ ਪੁਲਿਸ ਅਤੇ ਵਪਾਰੀਆਂ ਦੀ ਬੀਤੇ ਸਮੇਂ ਇੱਕ ਸਾਂਝੀ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਸੀ ਕਿ ਟੈਂਪੋ, ਰੇਹੜੇ ਅਤੇ ਟਰਾਲੀਆਂ ਆਦਿ ਅਨਾਜ ਮੰਡੀ 'ਚ ਖੜ੍ਹੇ ਕੀਤੇ ਜਾਣਗੇ। ਉਸ ਜਗ੍ਹਾ 'ਤੇ ਹੀ ਸਮਾਨ ਲੋਡ ਕੀਤਾ ਜਾਵੇਗਾ। ਪ੍ਰੰਤੂ ਇਸ ਫ਼ੈਸਲੇ 'ਤੇ ਅਮਲ ਨਹੀਂ ਕੀਤਾ ਗਿਆ। ਵਪਾਰ ਮਹਾਸੰਘ ਪੰਜਾਬ ਦੇ ਪ੍ਰਧਾਨ ਲਲਿਤ ਮਹਾਜਨ ਨੇ ਦੁਕਾਨਦਾਰਾਂ ਨੂੰ ਬੇਨਤੀ ਕੀਤੀ ਕਿ ਆਪਣਾ ਸਮਾਨ ਫੁੱਟਪਾਥਾਂ ਤੋਂ ਅੱਗੇ ਵਧਾ ਕੇ ਨਾ ਰੱਖਣ ਅਤੇ ਆਪਣੇ ਮੋਟਰਸਾਈਕਲ ਤੇ ਸਕੂਟਰ ਪੀਲੀ ਲਾਈਨ ਦੇ ਅੰਦਰ ਹੀ ਖੜ੍ਹਾਉਣ। ਇਸ ਦੌਰਾਨ ਸਮਾਜ ਸੇਵੀ ਡਾ ਸਤੀਸ਼ ਕੁਮਾਰ ਅਤੇ ਸ਼੍ਰੀ ਗੁਰੂ ਰਾਮਦਾਸ ਸਾਹਿਬ ਲੰਗਰ ਅਤੇ ਜਲ ਸੇਵਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਪਨੇਸਰ ਨੇ ਕਿਹਾ ਕਿ ਪ੍ਰਸ਼ਾਸਨ, ਵਪਾਰੀ, ਰਾਜਨੀਤਿਕ ਆਗੂ, ਟਰੈਫਿਕ ਪੁਲਿਸ, ਆਮ ਪਬਲਿਕ ਅਤੇ ਰੇਹੜ੍ਹੀਆਂ ਵਾਲੇ ਆਦਿ ਸਭ ਨੂੰ ਮਿਲ ਕੇ ਆਪਣੀ ਜਿੰਮੇਵਾਰੀ ਨੂੰ ਸਮਝਦਿਆਂ ਆਪਸੀ ਸਹਿਯੋਗ ਨਾਲ ਟਰੈਫਿਕ ਸਮੱਸਿਆ ਦੇ ਹੱਲ ਲਈ ਯਤਨ ਕਰਨ ਦੀ ਲੋੜ ਹੈ।

# ਵਿਦਿਆਰਥੀਆਂ 'ਚ ਨੈਤਿਕ ਕਦਰਾਂ-ਕੀਮਤਾਂ ਦੇ ਸੰਚਾਰ ਲਈ ਕਰਵਾਈ ਜਾਵੇਗੀ ਨੈਤਿਕ ਪ੍ਰੀਖਿਆ



ਬਰਨਾਲਾ, 10 ਮਈ (ਸੁਖਵਿੰਦਰ ਸਿੰਘ ਭੰਡਾਰੀ) : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਵੱਲੋਂ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੀ ਉਸਾਰੀ ਚ ਨੈਤਿਕ ਕਦਰਾਂ ਕੀਮਤਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਮੌਕੇ ਬੋਲਦਿਆਂ ਪ੍ਰਧਾਨ ਗੁਰਮੀਤ ਸਿੰਘ ਮੀਮਸਾ ਨੇ ਕਿਹਾ ਕਿ ਬਜ਼ੁਰਗ, ਨੌਜਵਾਨ, ਔਰਤ ਹਰ ਉਮਰ ਦੇ ਇਨਸਾਨ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ। ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਵਾਲੇ ਇਨਸਾਨ ਦੀ ਸੋਚ ਅਤੇ ਕੰਮ ਸੰਸਕਾਰੀ ਹੁੰਦੇ ਹਨ। ਪਹਿਲੇ ਬੱਚੇ ਗੁਰੂਕੁਲ ਵਿੱਚ ਰਿਸ਼ੀਆਂ-ਮੁਨੀਆਂ ਕੋਲ ਪੜ੍ਹਦੇ ਸਨ, ਤਾਂ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਚੰਗੇ ਸੰਸਕਾਰਾਂ, ਚੰਗਾ ਇਨਸਾਨ, ਇਮਾਨਦਾਰੀ, ਬਜ਼ੁਰਗਾਂ ਦਾ ਸਤਿਕਾਰ, ਆਗਿਆਕਾਰੀ, ਨਿਮਰਤਾ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਸੀ। ਮਾਂ-ਬਾਪ ਨੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਜੋ ਅੱਜ-ਕੱਲ੍ਹ ਦੀ ਸਿੱਖਿਆ ਹੈ, ਉਹ ਵਿਦਿਆਰਥੀਆਂ ਨੂੰ ਪੈਸਾ ਕਮਾਉਣ ਦੇ ਯੋਗ ਬਣਾ ਰਹੀ ਹੈ। ਇੱਕ-ਦੂਜੇ ਨਾਲ ਗੱਲ ਤੱਕ ਨਹੀਂ ਕਰਦੇ ਬੱਚੇ। ਹਰਮਨਜੀਤ ਸਿੰਘ ਰੁਪਾਲ ਸੇਵਾ ਮੁਕਤ ਲੈਕਚਰਰ ਨੇ ਕਿਹਾ ਕਿ ਬੱਚਾ ਘਰ ਤੋਂ ਹੀ ਸਿੱਖਦਾ ਹੈ। ਮਹਿੰਦਰ ਪਾਲ ਕੰਪਿਊਟਰ ਫੈਕਲਟੀ ਸਹਸ ਨਾਈਵਾਲਾ ਨੇ ਕਿਹਾ ਕਿ ਪਹਿਲਾਂ ਤਾਂ ਮਾਂ-ਬਾਪ ਨੂੰ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਨੈਤਿਕ ਸਿੱਖਿਆ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਦੀ ਧੜੱਲੇ ਨਾਲ ਵਰਤੋਂ ਕਰ ਰਹੀ ਹੈ। ਉਹਨਾਂ ਨੂੰ ਇਸ ਚੀਜ ਦਾ ਪਤਾ ਹੀ ਨਹੀਂ ਹੈ ਕਿ ਇਸ ਨਾਲ ਕੀ ਨੁਕਸਾਨ ਹੋ ਸਕਦਾ ਹੈ। ਬੱਚਿਆਂ ਦੇ ਅੰਦਰ ਅਨੁਸ਼ਾਸਨ ਹੋਣਾ ਬਹੁਤ ਜਰੂਰੀ ਹੈ। ਸਮੇਂ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਆਪਣੇ ਘਰ ਦੇ ਵੱਡੇ ਬਜ਼ੁਰਗਾਂ ਕੋਲ ਬੈਠਣਾ ਚਾਹੀਦਾ ਹੈ। ਵਿਦਿਆਰਥੀਆਂ 'ਚ ਨੈਤਿਕ ਕਦਰਾਂ ਕੀਮਤਾਂ ਦੇ ਸੰਚਾਰ ਲਈ ਜ਼ਿਲ੍ਹਾ ਬਰਨਾਲਾ 'ਚ ਜਲਦੀ ਹੀ ਨੈਤਿਕ ਪ੍ਰੀਖਿਆ ਕਾਰਵਾਈ ਜਾ ਰਹੀ ਹੈ।

# ਉੱਘੇ ਇਤਿਹਾਸਕਾਰ ਪ੍ਰੋ.ਫੈਸਰ ਮਾਲਵਿੰਦਰਜੀਤ ਸਿੰਘ ਵੜੈਚ ਨੂੰ ਸਮਰਪਿਤ ਸ਼ੋਕ ਸਭਾ ਕਰਵਾਈ



ਬਰਨਾਲਾ, 10 ਮਈ (ਬਘੇਲ ਸਿੰਘ ਧਾਲੀਵਾਲ) : ਅੱਜ ਜਮਹੂਰੀ ਅਧਿਕਾਰ ਸਭਾ ਬਰਨਾਲਾ ਦੇ ਸੱਦੇ 'ਤੇ ਜ਼ਿਲ੍ਹੇ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਪ੍ਰੋ ਮਲਵਿੰਦਰਜੀਤ ਸਿੰਘ ਵੜੈਚ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇੱਕ ਸ਼ੋਕ ਸਭਾ ਦਾ ਆਯੋਜਨ ਕੀਤਾ। ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਰਾਜਿੰਦਰ ਭਦੌੜ, ਇਨਕਲਾਬੀ ਕੇਂਦਰ ਦੇ ਸੂਬਾ ਪ੍ਰਧਾਨ ਨਰਾਇਣ ਦੱਤ, ਜ਼ਿਲ੍ਹਾ ਪ੍ਰਧਾਨ ਰਾਜਿੰਦਰ ਪਾਲ, ਤਰਕ ਭਾਰਤੀ ਪ੍ਰਕਾਸ਼ਨ ਦੇ ਅਮਿਤ ਕੁਮਾਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਉਨ੍ਹਾਂ ਦੀ ਅਗਾਂਹਵਧੂ ਤੇ ਅਣਥੱਕ ਜੀਵਨ ਘਾਲਣਾ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪ੍ਰੋਫ਼ੈਸਰ ਸਾਹਿਬ ਨੇ ਕੂਕਾ ਲਹਿਰ, ਗ਼ਦਰੀ ਲਹਿਰ, ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਭਗਤ ਤੇ ਅਨੇਕਾਂ ਹੋਰ ਅਜ਼ਾਦੀ ਘੁਲਾਟੀਆਂ ਬਾਰੇ ਨਿੱਠ ਕੇ ਖੋਜ ਕੀਤੀ ਅਤੇ 50 ਤੋਂ ਵਧ ਕਿਤਾਬਾਂ ਲਿਖੀਆਂ। ਗ਼ਦਰੀ ਲਹਿਰ ਤੇ ਗ਼ਦਰੀ ਬਾਬਿਆਂ ਬਾਰੇ ਉਨ੍ਹਾਂ ਵੱਲੋਂ ਕੀਤੀ ਵਿਸਥਾਰਿਤ ਖੋਜ ਦੇ ਕਾਰਨ ਹੀ ਉਨ੍ਹਾਂ ਨੂੰ ਗ਼ਦਰੀਆਂ ਦੇ ਮੁਨਸ਼ੀ ਵਜੋਂ ਜਾਣਿਆ ਜਾਣ ਲੱਗਾ। ਉਨ੍ਹਾਂ ਨੇ ਗ਼ਦਰੀਆਂ ਦੇ ਪਿੰਡ ਪਿੰਡ ਜਾ ਕੇ ਅਨੇਕਾਂ ਅਣਜਾਣੇ ਤੱਥ ਇਕੱਤਰ ਕੀਤੇ। ਬੁਲਾਰਿਆਂ ਨੇ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਦੇ ਅਕਾਲ ਚਲਾਣੇ ਨੂੰ ਪੰਜਾਬ ਦੀ ਜਮਹੂਰੀ ਤੇ ਇਨਕਲਾਬੀ ਲਹਿਰ ਨੂੰ ਇਕ ਵੱਡਾ ਘਾਟਾ ਦੱਸਿਆ। ਉਨ੍ਹਾਂ ਦਾ ਖੋਜ ਕਾਰਜ ਕਿਸੇ ਯੂਨੀਵਰਸਿਟੀ ਨਾਲੋਂ ਘੱਟ ਨਹੀਂ। ਉਸ ਮਹਾਨ ਸ਼ਖ਼ਸੀਅਤ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੇ ਇਤਿਹਾਸਕ ਕਾਰਜ ਦਾ ਨਿੱਠ ਕੇ ਅਧਿਐਨ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ। ਇਸ ਮੌਕੇ ਇਕਬਾਲ ਕੌਰ ਉਦਾਸੀ, ਮਿਲਖਾ ਸਿੰਘ ਨੇ ਆਪਣੇ ਗੀਤਾਂ ਰਾਹੀਂ ਉਨ੍ਹੂੰ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮਾਗਮ ਵਿੱਚ ਹਰਚਰਨ ਸਿੰਘ ਚਹਿਲ, ਮਾ ਮਨੋਹਰ ਲਾਲ, ਸੁਖਵਿੰਦਰ ਠੀਕਰੀਵਾਲਾ, ਰਾਜੀਵ ਕੁਮਾਰ, ਪਰਮਜੀਤ ਕੌਰ ਜੋਧਪੁਰ, ਚਰਨਜੀਤ ਕੌਰ, ਕੁਲਵੀਰ ਸਿੰਘ ਔਲਖ, ਬਾਬੂ ਸਿੰਘ ਖੁੱਡੀਕਲਾਂ, ਹਾਕਮ ਸਿੰਘ 'ਨੂਰ' ਆਦਿ ਆਗੂ ਵੀ ਹਾਜ਼ਰ ਸਨ।

# ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਵਿਖੇ ਕੁਇਜ਼ ਮੁਕਾਬਲੇ ਕਰਵਾਏ




ਭਦੌੜ, 10 ਮਈ (ਸੁਖਵਿੰਦਰ ਪਲਾਹਾ) : ਮਾਤਾ ਗੁਜਰੀ ਪਬਲਿਕ ਹਾਈ ਸਕੂਲ ਭਦੌੜ ਵਿਖੇ ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਦੀ ਯੋਗ ਰਹਿਨੁਮਾਈ ਹੇਠ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਛੇਵੀਂ ਜਮਾਤ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੂੰ ਚਾਰ ਹਾਊਸਾਂ ਵਿੱਚ ਵੰਡ ਕੇ ਇਹ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਇੰਸ, ਹਿਸਾਬ, ਸੱਭਿਆਚਾਰਕ,ਵਾਤਾਵਰਣ ਅਤੇ ਗੁਰਮੁਖੀ ਵਿਸ਼ਿਆਂ ਦੇ ਅਲੱਗ ਅਲੱਗ ਰਾਊਂਡ ਕਰਵਾਏ ਗਏ।ਜਿਸ ਵਿੱਚ ਮੈਡਮ ਸਰਬਜੀਤ ਕੌਰ ਅਲਕੜਾ ਦੇ ਹਾਊਸ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੇ ਬੱਚਿਆਂ ਪਰੀ ਰਾਣੀ, ਜਸਕੀਰਤ ਕੌਰ, ਮਨਵੀਰ ਕੌਰ, ਜਸਕਰਨ ਸਿੰਘ ਅਤੇ ਸੌਰਵ ਨੇ ਸਾਰੇ ਰਾਊਂਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਦੂਜਾ ਸਥਾਨ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਦੇ ਬੱਚਿਆਂ ਇਮਾਨਦੀਪ ਕੌਰ, ਖੁਸ਼ੀ, ਲਕਸ਼ਮੀ, ਤਰਨਪ੍ਰੀਤ ਕੌਰ ਅਤੇ ਹਰਪ੍ਰੀਤ ਸਿੰਘ ਨੇ ਮੈਡਮ ਅਮਨਦੀਪ ਕੌਰ ਨੈਣੇਵਾਲ ਦੀ ਅਗਵਾਈ ਹੇਠ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਪੂਰੀ ਲਗਨ ਨਾਲ ਪੜ੍ਹਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਦੀਪ ਕੁਮਾਰ ਦਹੀਏ, ਦਲਜੀਤ ਸਿੰਘ ਚੂੰਘਾਂ, ਝਰਮਲ ਸਿੰਘ ਜੰਗੀਆਣਾ, ਜਗਸੀਰ ਸਿੰਘ, ਪਰਮਜੀਤ ਸਿੰਘ, ਸਰਬਜੀਤ ਕੌਰ ਸਿਮ, ਹਰਪ੍ਰੀਤ ਕੌਰ, ਮੈਡਮ ਸ਼ਵੇਤਾ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।

# ਸੇਵਾ ਕੇਂਦਰ ਵਿੱਚ ਕੰਪਿਊਟਰ ਆਪ੍ਰੇਟਰ ਦੀ ਅਸਾਮੀ ਲਈ ਪਲੇਸਮੈਂਟ ਕੈਂਪ

ਬਰਨਾਲਾ, 10 ਮਈ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਦੀ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਦੇ ਬੇਰੋਜ਼ਗਾਰ ਪ੍ਰਾਰਥੀਆਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਹਿੱਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਸੇਵਾ ਕੇਂਦਰ (Terracis Tech) ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 12 ਮਈ ਦਿਨ ਮੰਗਲਵਾਰ ਨੂੰ ਸਵੇਰੇ 10 ਤੋਂ 01 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ, ਦੂਜੀ ਮੰਜ਼ਲ, ਡੀ.ਸੀ.ਕੰਪਲੈਕਸ, ਬਰਨਾਲਾ ਵਿਖੇ ਇਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਟਰੈਸਿਸ ਕੰਪਨੀ ਵੱਲੋਂ ਕੰਪਿਊਟਰ ਓਪਰੇਟਰ ਦੀਆਂ ਅਸਾਮੀਆਂ (ਕੇਵਲ ਲੜਕੇ) ਲਈ ਭਰਤੀ ਕੀਤੀ ਜਾਣੀ ਹੈ, ਜਿਸ ਲਈ ਵਿੱਦਿਅਕ ਗਰੈਜੂਏਸ਼ਨ, ਉਮਰ ਹੱਦ ਘੱਟੋ-ਘੱਟ 20 ਤੋਂ 37 ਸਾਲ, ਟਾਈਪਿੰਗ ਸਪੀਡ ਅੰਗਰੇਜ਼ੀ ਵਿੱਚ 30 WPM ਅਤੇ 120 ਘੰਟਿਆਂ (3 ਮਹੀਨੇ) ਦਾ ਕੰਪਿਊਟਰ ਡਿਪਲੋਮਾ ਹੋਣਾ ਲਾਜ਼ਮੀ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਬਰਨਾਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਅਸਾਮੀਆਂ ਲਈ ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜਊਮ, ਅਧਾਰ ਕਾਰਡ ਅਤੇ ਯੋਗਤਾ ਦੇ ਸਰਟੀਫਿਕੇਟ ਹੋਣਾ ਲਾਜ਼ਮੀ ਹੈ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਦੇ ਹੈਲਪਲਾਈਨ ਨੰਬਰ 94170-39072 'ਤੇ ਸੰਪਰਕ ਕਰੋ।

# ਵਾਈ.ਐਸ. ਜੈਨ ਨੇਕਸਟ ਸਕੂਲ ਵਿੱਚ ਮਾਂ ਦਿਵਸ ਮਨਾਇਆ




ਬਰਨਾਲਾ, 10 ਮਈ (ਹਮੀਰ ਸਿੰਘ) : ਵਾਈਐਸ ਜੈਨ ਨੇਕਸਟ ਸਕੂਲ ਵਿੱਚ ਮਾਤਾ ਦਿਵਸ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਸਕੂਲ ਵੱਲੋਂ ਮਾਵਾਂ ਅਤੇ ਬੱਚਿਆਂ ਲਈ ਵੱਖ-ਵੱਖ ਰੰਗਾਰੰਗ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਨਾਲ ਪੂਰਾ ਮਾਹੌਲ ਪਿਆਰ, ਹਾਸੇ ਅਤੇ ਖੁਸ਼ੀਆਂ ਨਾਲ ਭਰ ਗਿਆ। ਸਭ ਕਲਾਸਾਂ ਦੇ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਲਈ ਸੁੰਦਰ ਕਲਾ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ। ਯੂਕੇਜੀ ਅਤੇ ਪਹਿਲੀ ਕਲਾਸ ਦੀਆਂ ਮਾਵਾਂ ਨੇ ਬੱਚਿਆਂ ਨਾਲ ਸਕੂਲ ਵਿੱਚ ਕਲਾ ਸਮਾਂ ਅਤੇ ਮਿੱਟੀ ਕਲਾ ਗਤੀਵਿਧੀ ਦਾ ਆਨੰਦ ਮਾਣਿਆ ਅਤੇ ਸੁੰਦਰ ਯਾਦਾਂ ਬਣਾਈਆਂ। ਨਰਸਰੀ ਦੀਆਂ ਮਾਵਾਂ ਲਈ ਤੈਰਨ ਵਾਲੇ ਤਲਾਬ ਵਿੱਚ ਮਨੋਰੰਜਕ ਸਮਾਗਮ ਕਰਵਾਇਆ ਗਿਆ, ਜਿੱਥੇ ਸਭ ਨੇ ਖ਼ੂਬ ਮੌਜ-ਮਸਤੀ ਕੀਤੀ। ਇਸ ਤੋਂ ਇਲਾਵਾ ਐਲਕੇਜੀ ਦੀਆਂ ਮਾਵਾਂ ਅਤੇ ਬੱਚਿਆਂ ਨੇ ਖ਼ਾਸ ਮਿਲਣ-ਮਿਲਾਪ ਸਮਾਗਮ ਵਿੱਚ ਰੈਂਪ ਚਾਲ, ਕਲਾ ਗਤੀਵਿਧੀ ਅਤੇ ਵਿਸ਼ੇਸ਼ ਸਤਿਕਾਰ ਸਮੇਂ ਦਾ ਆਨੰਦ ਮਾਣਿਆ। ਇਹ ਸਮਾਗਮ ਮਾਵਾਂ ਅਤੇ ਬੱਚਿਆਂ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਉਣ ਵਾਲਾ ਸਾਬਤ ਹੋਇਆ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਦੇ ਭਾਵਨਾਤਮਕ ਵਿਕਾਸ ਅਤੇ ਪਰਿਵਾਰਕ ਜੋੜ ਨੂੰ ਮਜ਼ਬੂਤ ਕਰਦੇ ਹਨ।

# ਜੀ. ਐੱਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਵਿਖੇ ਮਨਾਇਆ 'ਮਦਰਜ਼ ਡੇ'



ਬਰਨਾਲਾ, 10 ਮਈ (ਹਮੀਰ ਸਿੰਘ) : ਇਲਾਕੇ ਦੀ ਨਾਮਵਰ ਸੰਸਥਾ ਜੀ ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਵਿੱਚ ਮਦਰਜ਼ ਡੇਅ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬਾਰੇ ਵਿਦਿਆਰਥੀਆਂ ਦੀਆਂ ਮਦਰਜ਼ ਨੂੰ ਬੁਲਾਇਆ ਗਿਆ। ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਬੱਚਿਆਂ ਨੇ ਬਹੁਤ ਹੀ ਸੁੰਦਰ ਸੁੰਦਰ ਕਾਰਡ ਬਣਾ ਕੇ ਆਪਣੀਆਂ ਮਾਤਾਵਾਂ ਨਾਲ ਆਪਣੀਆਂ ਭਾਵਨਾਵਾਂ ਸਾਂਝੀਆ ਕੀਤੀਆਂ। ਇਸ ਸਮੇਂ ਉਨ੍ਹਾਂ ਲਈ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਦਾ ਪ੍ਰਬੰਧ ਵੀ ਕੀਤਾ ਗਿਆ, ਜਿਨ੍ਹਾਂ ਵਿੱਚ ਸਭ ਨੇ ਬਹੁਤ ਹੀ ਉਤਸੁਕਤਾ ਨਾਲ ਭਾਗ ਲਿਆ। ਇਸ ਮੌਕੇ ਸਕੂਲ ਮੈਨੇਜਿੰਗ ਡਾਇਰੈਕਟਰ ਸ਼੍ਰੀ ਸੁਰੇਸ਼ ਬਾਂਸਲ ਜੀ ਅਤੇ ਚੇਅਰਮੈਨ ਸ਼੍ਰੀ ਰਿਸ਼ਵ ਜੈਨ ਜੀ ਵੀ ਉਪਸਥਿਤ ਸਨ। ਉਨ੍ਹਾਂ ਨੇ ਸਾਰੀਆਂ ਮਦਰਜ਼ ਨੂੰ ਇਸ ਦਿਨ ਦੀਆਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਾਂ ਹੀ ਬੱਚੇ ਦੀ ਪਹਿਲੀ ਅਧਿਆਪਕਾ ਹੁੰਦੀ ਹੈ ਇਸ ਲਈ ਉਨ੍ਹਾਂ ਬੱਚਿਆਂ ਨੂੰ ਹਮੇਸ਼ਾ ਆਪਣੀਆਂ ਮਾਤਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਂ ਦੀ ਅਸੀਸ ਦਾ ਕੋਈ ਮੁੱਲ ਨਹੀਂ ਇਸ ਲਈ ਆਪਣੀ ਮਾਂ ਦੀਆਂ ਅਸੀਸਾਂ ਪ੍ਰਾਪਤ ਕਰਿਆ ਕਰੋ। ਇਸ ਸਮੇਂ ਬੱਚਿਆਂ ਨੇ ਆਪਣੀਆਂ ਮਦਰਜ਼ ਨਾਲ ਡਾਂਸ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਮੋਨਿਕਾ ਸਤੀਜਾ ਅਤੇ ਅਕਾਦਮਿਕ ਡਾਇਰੈਕਟਰ ਸੁਨੀਲ ਸਤੀਜਾ ਨੇ ਸਭ ਦਾ ਸਵਾਗਤ ਕੀਤਾ। ਉਨ੍ਹਾਂ ਨੇ ਬੱਚਿਆਂ ਦੁਆਰਾ ਬਣਾਏ ਗਏ ਕਾਰਡਾਂ ਅਤੇ ਪੇਸ਼ ਕੀਤੇ ਪ੍ਰੋਗਰਾਮ ਦੀ ਪ੍ਰਸ਼ੰਸ਼ਾ ਕੀਤੀ। ਉਨ੍ਹਾਂ ਇਸ ਸਮੇਂ ਬੱਚਿਆਂ ਦੀ ਪ੍ਰਗਤੀ ਰਿਪੋਰਟ ਵੀ ਸਾਂਝੀ ਕੀਤੀ।ਪ੍ਰੋਗਰਾਮ ਵਿੱਚ ਆਈਆਂ ਸਾਰੀਆਂ ਮਾਵਾਂ ਨੇ ਇਸ ਦਿਨ ਨੂੰ ਸਪੈਸ਼ਲ ਬਣਾਉਣ ਲਈ ਸਕੂਲ ਮੈਨੇਜਿੰਗ ਕਮੇਟੀ ਅਤੇ ਪ੍ਰਿੰਸੀਪਲ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦਾ ਵਾਤਾਵਰਣ ਖੁਸ਼ਨੁਮਾ ਰਿਹਾ।

# ਕੇਰਲਾ, ਦਿੱਲੀ ਤੇ ਮਹਾਰਾਸ਼ਟਰ ਨੂੰ ਪਿੱਛੇ ਛੱਡ ਪੰਜਾਬ ਬਣਿਆ ਸਿੱਖਿਆ ਦੇ ਖੇਤਰ ਦਾ ਮੋਹਰੀ ਰਾਜ : ਵਿਧਾਇਕ ਬਲਕਾਰ ਸਿੱਧੂ

## ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਆਇਆ ਇਤਿਹਾਸਕ ਬਦਲਾਅ : ਪ੍ਰੋ. ਹਰਪ੍ਰੀਤ ਹੈਪੀ



ਰਾਮਪੁਰਾ ਫੂਲ, 10 ਮਈ (ਮਨਪ੍ਰੀਤ ਮਿੰਟੂ) : ਨੀਤੀ ਆਯੋਗ ਵੱਲੋਂ ਜਾਰੀ ਕੀਤੀ ਗਈ ਸਕੂਲੀ ਸਿੱਖਿਆ ਸਬੰਧੀ ਤਾਜ਼ਾ ਰਿਪੋਰਟ ਵਿੱਚ ਪੰਜਾਬ ਨੇ ਇੱਕ ਵਾਰ ਫਿਰ ਦੇਸ਼ ਦੇ ਸਭ ਤੋਂ ਉੱਤਮ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਰਿਪੋਰਟ ਅਨੁਸਾਰ ਪੰਜਾਬ ਨੇ ਸਿੱਖਣ ਦੇ ਪੱਧਰ, ਡਿਜੀਟਲ ਸੁਵਿਧਾਵਾਂ, ਵਿਦਿਆਰਥੀ-ਅਧਿਆਪਕ ਅਨੁਪਾਤ ਅਤੇ ਕੰਨਿਆ ਸਿੱਖਿਆ ਦੇ ਖੇਤਰ ਵਿੱਚ ਰਾਸ਼ਟਰੀ ਔਸਤ ਤੋਂ ਕਾਫੀ ਬਿਹਤਰ ਪ੍ਰਦਰਸ਼ਨ ਕੀਤਾ ਹੈ।

ਹਲਕਾ ਵਿਧਾਇਕ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਇਸ ਸ਼ਾਨਦਾਰ ਉਪਲੱਬਧੀ 'ਤੇ ਪੰਜਾਬ ਸਰਕਾਰ, ਸਿੱਖਿਆ ਵਿਭਾਗ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਆਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਬੁਨਿਆਦੀ ਢਾਂਚਾ, ਸਮਾਰਟ ਕਲਾਸਰੂਮ, ਸਕੂਲ ਆਫ ਐਮੀਨੈਂਸ, ਵਿਦੇਸ਼ੀ ਅਧਿਐਨ ਟੂਰ ਅਤੇ ਅਧਿਆਪਕਾਂ ਦੀ ਨਿਰੰਤਰ ਤਾਲੀਮ ਵਰਗੀਆਂ ਪਹਿਲਾਂ ਨੇ ਸਿੱਖਿਆ ਦੀ ਗੁਣਵੱਤਾ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ।

ਇਸ ਮੌਕੇ ਹਲਕਾ ਸਿੱਖਿਆ ਕੋਆਰਡੀਨੇਟਰ ਪ੍ਰੋਫੈਸਰ ਹਰਪ੍ਰੀਤ ਹੈਪੀ ਨੇ ਕਿਹਾ ਕਿ ਨੀਤੀ ਆਯੋਗ ਦੀ ਰਿਪੋਰਟ ਪੰਜਾਬ ਦੇ ਅਧਿਆਪਕਾਂ ਦੀ ਮਿਹਨਤ ਅਤੇ ਸਰਕਾਰ ਦੀ ਦੂਰਅੰਦੇਸ਼ੀ ਨੀਤੀਆਂ ਦਾ ਜੀਵੰਤ ਸਬੂਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਕੂਲਾਂ ਨੂੰ ਡਿਜੀਟਲ ਤੌਰ 'ਤੇ ਮਜ਼ਬੂਤ ਬਣਾਉਣ, ਵਿਦਿਆਰਥੀਆਂ ਲਈ ਮੁਫ਼ਤ ਅਤੇ ਗੁਣਵੱਤਾ ਭਰੀ ਸਿੱਖਿਆ, ਪ੍ਰੈਕਟੀਕਲ ਅਧਾਰਿਤ ਪੜ੍ਹਾਈ ਅਤੇ ਵਿਦਿਆਰਥੀ-ਕੇਂਦਰਿਤ ਸਿਖਲਾਈ 'ਤੇ ਖ਼ਾਸ ਧਿਆਨ ਦਿੱਤਾ ਗਿਆ ਹੈ।

ਰਿਪੋਰਟ ਅਨੁਸਾਰ ਪੰਜਾਬ-2024 ਦੀਆਂ ਤੀਜੀ, ਛੇਵੀਂ ਅਤੇ ਨੌਵੀਂ ਜਮਾਤਾਂ ਦੇ ਨਤੀਜਿਆਂ ਵਿੱਚ ਪੰਜਾਬ ਪੂਰੇ ਭਾਰਤ ਦੇ ਸਭ ਤੋਂ ਮਜ਼ਬੂਤ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚੋਂ ਇੱਕ ਰਿਹਾ। ਤੀਜੀ ਜਮਾਤ ਵਿੱਚ ਪੰਜਾਬ ਨੇ ਭਾਸ਼ਾ ਵਿੱਚ 82 ਫੀਸਦੀ ਅਤੇ ਗਣਿਤ ਵਿੱਚ 78 ਫੀਸਦੀ ਅੰਕ ਪ੍ਰਾਪਤ ਕਰਕੇ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਪ੍ਰੋ. ਹਰਪ੍ਰੀਤ ਹੈਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਨਵੀਆਂ ਇਮਾਰਤਾਂ, ਆਧੁਨਿਕ ਲੈਬਾਂ, ਖੇਡ ਮੈਦਾਨ, ਲਾਇਬ੍ਰੇਰੀਆਂ, ਵਿਦਿਆਰਥੀਆਂ ਲਈ ਕਰੀਅਰ ਮਾਰਗਦਰਸ਼ਨ, ਮੁਕਾਬਲੇ ਪ੍ਰੀਖਿਆਵਾਂ ਦੀ ਤਿਆਰੀ ਅਤੇ ਅਧਿਆਪਕਾਂ ਲਈ ਵਿਸ਼ੇਸ਼ ਤਰਬੀਅਤ ਕਾਰਜਕ੍ਰਮ ਚਲਾਏ ਜਾ ਰਹੇ ਹਨ। ਇਸ ਦੇ ਨਾਲ ਹੀ 'ਸਕੂਲ ਆਫ ਐਮੀਨੈਂਸ' ਅਤੇ 'ਮੁੱਖ ਮੰਤਰੀ ਯੋਗਸ਼ਾਲਾ' ਵਰਗੀਆਂ ਯੋਜਨਾਵਾਂ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਹੈ।

ਅੰਤ ਵਿੱਚ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਬੱਚੇ ਨੂੰ ਵਿਸ਼ਵ-ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਪੰਜਾਬ ਦੇ ਨੌਜਵਾਨ ਦੇਸ਼ ਅਤੇ ਦੁਨੀਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਹੋਰ ਵੀ ਵੱਡੀਆਂ ਉਪਲੱਬਧੀਆਂ ਹਾਸਲ ਕਰੇਗਾ।

# ਗੁਰਜੰਟ ਸਿੰਘ ਹਿੰਮਤਪੁਰਾ ਨੇ .ਗਰੀਬਾਂ ਨੂੰ ਚਟਨੀ ਤੋਂ ਲਾਇਆ ਸਬਜ਼ੀ ਖਾਣ



ਭਦੌੜ, 10 ਮਈ (ਸੁਖਵਿੰਦਰ ਪਲਾਹਾ): ਬੇਸ਼ੱਕ ਅੱਜ ਕੱਲ੍ਹ ਵੱਧਦੀ ਜਾ ਰਹੀ ਮਹਿੰਗਾਈ ਤੋਂ ਲੋਕ ਬਹੁਤ ਹੀ ਤੰਗ ਅਤੇ ਪਰੇਸ਼ਾਨ ਹਨ, ਪਰ ਇਸ ਮਹਿਗਾਈ ਦੇ ਜ਼ਮਾਨੇ ਵਿੱਚ ਭਦੌੜ ਦੇ ਲਾਗਲੇ ਪਿੰਡ ਹਿੰਮਤਪੁਰੇ ਦਾ ਨੌਜਵਾਨ ਗਿਆਨੀ ਗੁਰਜੰਟ ਸਿੰਘ ਜਿਸਨੇ ਗਰੀਬਾਂ ਪ੍ਰਤੀ ਵਧੀਆ ਸੋਚ ਨੂੰ ਅਪਨਾਉਂਦਿਆਂ ਹੋਇਆਂ ਆਪਣੇ ਸਬਜ਼ੀ ਦੇ ਧੰਦੇ ਵਿੱਚ ਬਹੁਤ ਹੀ ਘੱਟ ਮਾਰਜਨ ਕਮਾਉਂਦੇ ਹੋਏ, ਮਹਿੰਗੀ ਸਬਜ਼ੀ ਗਰੀਬ ਲੋਕਾਂ ਦੇ ਘਰਾਂ ਵਿੱਚ ਪਹੁੰਚਾਉਣ ਦਾ ਕੰਮ ਕੀਤਾ ਹੈ। ਗੁਰਜੰਟ ਸਿੰਘ ਹਿੰਮਤਪੁਰਾ ਵੱਲੋਂ ਤਕਰੀਬਨ 10 ਸਬਜ਼ੀਆਂ 20 ਰੁਪਏ ਪ੍ਰਤੀ ਕਿੱਲੋ, ਕੱਦੂ, ਪੇਠਾ 10 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਦੇ ਕੇ ਗਰੀਬ ਲੋਕਾਂ ਨੂੰ ਚਟਨੀ ਖਾਣੋ ਹਟਾ ਕੇ ਸਬਜ਼ੀ ਖਾਣ ਲਾ ਦਿੱਤਾ ਹੈ।ਇਸ ਮੌਕੇ ਗੁਰਜੰਟ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੇ ਵੱਲੋਂ ਇਹ ਇਸ ਕਰਕੇ ਕੀਤਾ ਗਿਆ ਹੈ ਕਿ ਹਰ ਇੱਕ ਗਰੀਬ ਪੇਟ ਭਰ ਕੇ ਸੌਂਵੇ ਅਤੇ ਹਰ ਇੱਕ ਗਰੀਬ ਦੇ ਘਰ ਸਬਜ਼ੀ ਜ਼ਰੂਰ ਬਣੇ।ਇੰਨੀ ਸਸਤੀ ਸਬਜ਼ੀ ਦੇਣ ਕਾਰਨ ਗੁਰਜੰਟ ਸਿੰਘ ਅੱਜ ਕੱਲ੍ਹ ਗਰੀਬ ਲੋਕਾਂ ਦਾ ਚਹੇਤਾ ਬਣਿਆ ਹੋਇਆ ਹੈ ਅਤੇ ਉਸ ਵੱਲੋਂ ਰੋਜ਼ਾਨਾ ਤਾਜੀ ਸਬਜ਼ੀ ਸਥਾਨਕ ਵਿਧਾਤਾ ਚੌਂਕ ਨੇੜੇ ਨਗਰ ਕੌਂਸਲ ਦਫਤਰ ਵਾਲੇ ਚੌਂਕ ਵਿੱਚ ਆਪਣਾ ਅੱਡਾ ਲਗਾ ਕੇ ਗਰੀਬਾਂ ਨੂੰ ਸਸਤੇ ਭਾਅ ਸਬਜ਼ੀ ਵੇਚੀ ਜਾਂਦੀ ਹੈ। ਵੇਖਣ ਵਿੱਚ ਆਇਆ ਹੈ ਕਿ ਹਰ ਰੋਜ਼ 10 ਕੁਇੰਟਲ ਦੇ ਕਰੀਬ ਸਬਜ਼ੀ ਗੁਰਜੰਟ ਸਿੰਘ ਗਰੀਬ ਲੋਕਾਂ ਨੂੰ ਸਸਤੇ ਭਾਅ 'ਤੇ ਵੇਚ ਕੇ ਆਪਣੇ ਪਿੰਡ ਹਿੰਮਤਪੁਰਾ ਜਾਂਦਾ ਹੈ। ਮੌਕੇ 'ਤੇ ਮੌਜੂਦ ਹਰਪ੍ਰੀਤ ਸਿੰਘ ਮਿੰਟਾ ਸੇਖੋਂ, ਦਲਵਾਰਾ ਸਿੰਘ, ਸਿੰਗਰਾ ਸਿੰਘ ਜਤਿੰਦਰ ਕੁਮਾਰ ਜਿੰਦੂ, ਰਾਜਦੀਪ ਸਿੰਘ ਆਦਿ ਨੇ ਦੱਸਿਆ ਕਿ ਇੰਨੀ ਸਸਤੀ ਸਬਜ਼ੀ ਵਿਕਣ ਨਾਲ ਹਰ ਇੱਕ ਗਰੀਬ ਦੀ ਪਹੁੰਚ ਦੇ ਵਿੱਚ ਸਬਜ਼ੀ ਖਰੀਦਣਾ ਮੁਮਕਿਨ ਹੋ ਗਿਆ ਹੈ ਅਤੇ ਹਰ ਇੱਕ ਗਰੀਬ ਗੁਰਜੰਟ ਸਿੰਘ ਤੋਂ ਸਬਜ਼ੀ ਖਰੀਦਣਾ ਪਸੰਦ ਕਰਦਾ ਹੈ।

# ਐੱਨ.ਪੀ.ਟੀ.ਈ.ਐੱਲ.-ਆਈ.ਆਈ.ਟੀ.ਐੱਮ. ਵੱਲੋਂ ਵਾਈ.ਐੱਸ. ਕਾਲਜ ਵਿੱਚ ਰਾਸ਼ਟਰੀ ਬੀ.ਐੱਸ. ਪ੍ਰੀਖਿਆ ਡਿਊਟੀ ਲਈ ਵਿਸ਼ਵਾਸ ਕਾਇਮ




ਬਰਨਾਲਾ, 10 ਮਈ (ਬਘੇਲ ਸਿੰਘ ਧਾਲੀਵਾਲ) : ਅਕਾਦਮਿਕ ਉੱਤਮਤਾ ਅਤੇ ਰਾਸ਼ਟਰੀ ਮਾਨਤਾ ਦੇ ਆਪਣੇ ਗਜ਼ਬ ਦੇ ਸਫ਼ਰ ਨੂੰ ਜਾਰੀ ਰੱਖਦੇ ਹੋਏ, ਵਾਈ.ਐੱਸ ਕਾਲਜ, ਜੋ ਗਰਵ ਨਾਲ 'ਸਾਲ ਦਾ ਸਭ ਤੋਂ ਉੱਭਰਦਾ ਸਰਵਉੱਤਮ ਸੰਸਥਾਨ' ਵਜੋਂ ਮਾਨਿਆ ਜਾਂਦਾ ਹੈ, ਨੇ ਆਪਣੀਆਂ ਪ੍ਰਾਪਤੀਆਂ ਦੀ ਵਧਦੀ ਗਿਣਤੀ ਵਿੱਚ ਹੋਰ ਇੱਕ ਵਿਸ਼ੇਸ਼ ਪ੍ਰਾਪਤੀ ਜੋੜੀ। 10 ਮਈ ਨੂੰ, ਸੰਸਥਾਨ ਨੇ ਫਿਰ ਇੱਕ ਵਾਰ ਆਪਣੀ ਅਕਾਦਮਿਕ ਵਿਸ਼ਵਾਸਯੋਗਤਾ ਅਤੇ ਪ੍ਰਸ਼ਾਸਕੀ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਜਦੋਂ ਇਸ ਦੇ ਪ੍ਰਿੰਸੀਪਲ ਨੂੰ ਜਲੰਧਰ ਦੇ ਸੀਟੀ ਯੂਨੀਵਰਸਿਟੀ ਵਿਖੇ ਚੱਲੀ ਬੀ.ਐੱਸ. ਪਰੀਖਿਆ ਦੌਰਾਨ ਮਹੱਤਵਪੂਰਨ ਪਰੀਖਿਆ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਹ ਜ਼ਿੰਮੇਵਾਰੀ ਭਾਰਤੀ ਪ੍ਰੌਦਿਊਸ਼ਟੀ ਤਕਨੀਕੀ ਮਦਰਾਸ (ਆਈ.ਆਈ.ਟੀ ਮਦਰਾਸ) ਦੀ ਅਕਾਦਮਿਕ ਨੇਤ੍ਰਤਵ ਹੇਠ ਕੰਮ ਕਰਨ ਵਾਲੀ ਐੱਨ.ਪੀ.ਟੀ.ਈ.ਐੱਲ ਟੀਮ ਵੱਲੋਂ ਸੌਂਪੀ ਗਈ ਸੀ। ਐੱਨ.ਪੀ.ਟੀ.ਈ.ਐੱਲ-ਆਈ.ਆਈ.ਟੀ.ਐੱਮ ਅਧਿਕਾਰੀਆਂ ਵੱਲੋਂ ਵਾਈ.ਐੱਸ ਕਾਲਜ ਵਿੱਚ ਜਾਰੀ ਵਿਸ਼ਵਾਸ ਰੱਖਿਆ ਜਾਣਾ ਸੰਸਥਾਨ ਦੀ ਰਾਸ਼ਟਰੀ ਪੱਧਰੀ ਪਰੀਖਿਆਵਾਂ ਵਿੱਚ ਅਕਾਦਮਿਕ ਨੀਤੀ, ਪਾਰਦਰਸ਼ਤਾ ਅਤੇ ਪੇਸ਼ੇਵਰ ਵਿਵਹਾਰ ਦੇ ਉੱਚ ਮਾਪਦੰਡਾਂ ਨੂੰ ਕਾਇਮ ਰੱਖਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸੰਸਥਾਗਤ ਪ੍ਰਤੀਨਿਧੀ (ਆਈ.ਆਰ) ਅਤੇ ਨਿਗਰਾਨੀ ਡਿਊਟੀ ਨੂੰ ਵਾਈ.ਐੱਸ ਕਾਲਜ ਦੇ ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਸਫਲਤਾਪੂਰਵਕ ਨਿਭਾਇਆ। ਡਾ. ਰਾਣਾ ਨੇ ਨਿਰਵਿਘਨ ਸਮਨਵਯ ਕਾਰਜ, ਪਰੀਖਿਆ ਪ੍ਰੋਟੋਕਾਲਾਂ ਦੀ ਪਾਲਣਾ ਅਤੇ ਜ਼ਿੰਮੇਵਾਰੀਆਂ ਦੀ ਬੇਦਾਗ ਢੰਗ ਨਾਲ ਢੰਗ ਨਾਲ ਨਿਭਾਈ, ਐੱਨ.ਪੀ.ਟੀ.ਈ.ਐੱਲ-ਆਈ.ਆਈ.ਟੀ.ਐੱਮ ਅਧਿਕਾਰੀਆਂ ਵੱਲੋਂ ਰੱਖੇ ਵਿਸ਼ਵਾਸ ਨੂੰ ਕਾਇਮ ਰੱਖਿਆ। ਵਾਈ.ਐੱਸ ਕਾਲਜ ਦੇ ਡਾਇਰੈਕਟਰ ਵਰੁਣ ਭਾਰਤੀ ਨੇ ਰਾਸ਼ਟਰੀ ਸੰਸਥਾਵਾਂ ਤੋਂ ਪ੍ਰਾਪਤ ਜਾਰੀ ਮਾਨਤਾ ਤੇ ਅਪਾਰ ਗਰਵ ਪ੍ਰਗਟ ਕੀਤਾ। ਵਾਈਸ ਪ੍ਰਿੰਸੀਪਲ ਵੀ. ਪੀ. ਸਿੰਗਲਾ ਨੇ ਵੀ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ, ਇਹ ਜ਼ੋਰ ਦਿੰਦੇ ਹੋਏ ਕਿ ਐੱਨ.ਪੀ.ਟੀ.ਈ.ਐੱਲ-ਆਈ.ਆਈ.ਟੀ.ਐੱਮ ਤੋਂ ਬਾਰ-ਬਾਰ ਜ਼ਿੰਮੇਵਾਰੀਆਂ ਮਿਲਣਾ ਵਾਈ.ਐੱਸ ਕਾਲਜ ਦੀ ਪ੍ਰਸ਼ਾਸਕੀ ਉੱਤਮਤਾ ਵਿੱਚ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਬੀ.ਐੱਸ. ਪਰੀਖਿਆ ਵਿੱਚ ਆਈਆਰ/ਨਿਗਰਾਨੀ ਡਿਊਟੀ ਦਾ ਸਫਲ ਨਿਭਾਅ ਵਾਈ.ਐੱਸ ਕਾਲਜ ਨੂੰ ਭਾਰਤ ਦੇ ਉੱਚ ਸਿੱਖਿਆ ਢਾਂਚੇ ਵਿੱਚ ਇੱਕ ਪ੍ਰਗਤੀਸ਼ੀਲ ਸੰਸਥਾਨ ਵਜੋਂ ਇਸ ਦੀ ਸਥਿਤੀ ਨੂੰ ਫਿਰ ਤੋਂ ਮਜ਼ਬੂਤ ਕਰਦਾ ਹੈ। ਰਾਸ਼ਟਰੀ ਅਕਾਦਮਿਕ ਪਹਿਲਾਂ ਵਿੱਚ ਲਗਾਤਾਰ ਭਾਗੀਦਾਰੀ ਰਾਹੀਂ, ਕਾਲਜ ਤੰਦਰੁਸਤ ਸੰਸਥਾਗਤ ਭਾਈਚਾਰੇ ਬਣਾਉਂਦਾ ਰਿਹਾ ਹੈ ਜਦੋਂ ਕਿ ਉੱਤਮਤਾ, ਜਵਾਬਦੇਹੀ ਅਤੇ ਅਕਾਦਮਿਕ ਨੇਤ੍ਰਤਵ ਦੇ ਵਾਤਾਵਰਣ ਨੂੰ ਪੋਸ਼ਿਸ਼ ਕਰਦਾ ਰਿਹਾ ਹੈ।

# ਮਾਂ ਦਿਵਸ ਮੌਕੇ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿੱਚ ਰੰਗਾਰੰਗ ਸਮਾਗਮ ਕਰਵਾਇਆ




ਬਰਨਾਲਾ, 10 ਮਈ (ਇਸ਼ੇਨ ਕੰਗ) : ਪਿਛਲੇ ਕਈ ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਹੀ ਜ਼ਿਲ੍ਹਾ ਬਰਨਾਲਾ ਦੀ ਪ੍ਰਸਿੱਧ ਵਿਦਿਅਕ ਸੰਸਥਾ ਬ੍ਰਿਲੀਐਂਟ ਸਕੂਲ ਪੱਖੋ ਕਲਾਂ, ਜੋ ਸੰਤ ਬਾਬਾ ਚਰਨਪੁਰੀ ਜੀ ਅਤੇ ਐੱਮ.ਡੀ. ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ, ਵਿਖੇ ਮਾਂ ਦਿਵਸ ਮੌਕੇ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਮਾਂ ਦਿਵਸ ਨਾਲ ਸੰਬੰਧਿਤ ਗੀਤ, ਕੋਰੀਓਗ੍ਰਾਫੀ, ਸਕਿੱਟ, ਕਵਿਤਾਵਾਂ ਅਤੇ ਭਾਸ਼ਣ ਪੇਸ਼ ਕਰਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਨੂੰ ਜੀਵਨ ਵਿੱਚ ਕਾਮਯਾਬੀ ਹਾਸਲ ਕਰਨ ਦੀ ਪ੍ਰੇਰਣਾ ਦਿੰਦੇ ਹਨ, ਪਰ ਬੱਚੇ ਦੀ ਪਹਿਲੀ ਅਧਿਆਪਕ ਮਾਂ ਹੀ ਹੁੰਦੀ ਹੈ, ਜੋ ਉਸ ਨੂੰ ਜੀਵਨ ਦੇ ਪਹਿਲੇ ਸਬਕ ਸਿਖਾਉਂਦੀ ਹੈ। ਕੋਆਰਡੀਨੇਟਰ ਨਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਮਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਜੀਵਨ ਦੀ ਪਹਿਲੀ ਪੌੜੀ ਚੜ੍ਹਨਾ ਮਾਂ ਹੀ ਸਿਖਾਉਂਦੀ ਹੈ ਅਤੇ ਉਸ ਦਾ ਸਤਿਕਾਰ ਕਰਨਾ ਹਰ ਬੱਚੇ ਦਾ ਫਰਜ਼ ਹੈ। ਸਮਾਗਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਦੀ ਸਰਾਹਨਾ ਕੀਤੀ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

